# ਅਧਿਆਇ 39

# ਯੂਸੁਫ਼ ਦਾ ਗੁਲਾਮ ਹੋ ਕੇ ਪੋਟੀਫ਼ਰ ਦੇ ਘਰ ਆਉਣਾ

ਯੂਸੁਫ਼ ਨੂੰ ਉਸ ਦੀ ਆਪਣੀ ਕਿਸੇ ਖੂਬੀ ਕਾਰਣ ਪਿਤਾ ਦਾ ਲਾਡਲਾ ਹੋਣ ਦਾ ਅਹੁਦਾ ਨਹੀਂ ਸੀ ਮਿਲਿਆ; ਉਸ ਨੇ ਸਿਰਫ ਯਾਕੂਬ ਅਤੇ ਉਸ ਦੀ ਪਿਆਰੀ ਪਤਨੀ ਰਾਖੇਲ ਦੇ ਘਰ ਜਨਮ ਲਿਆ ਸੀ ਅਤੇ ਉਹ ਵੀ ਬੱਚੇ ਦੇ ਲਈ ਰਾਖੇਲ ਦੀ ਕਈ ਸਾਲਾਂ ਦੀ ਇੱਛਾ ਅਤੇ ਉਡੀਕ ਤੋਂ ਬਾਅਦ। ਫਿਰ ਵੀ, ਯਾਕੂਬ ਜਿੱਥੇ ਕਿਤੇ ਵੀ ਗਿਆ ਸਭ ਦਾ ਲਾਡਲਾ ਬਣਿਆ। ਗੁਲਾਮੀ ਵਿਚ ਰਹਿੰਦਿਆਂ, ਉਸ ਨੇ ਸਵਾਮੀ ਪੋਟੀਫ਼ਰ ਦੀ ਨਿਗਾਹ ਵਿਚ ਦਯਾ ਪਾਈ। ਜਦੋਂ ਉਹ ਆਪਣੇ ਸਵਾਮੀ ਦੀ ਤੀਵੀਂ ਦੇ ਕਾਰਣ ਜਿਸ ਨੂੰ ਉਹ ਬਹੁਤ ਹੀ ਸੋਹਣਾ ਲੱਗਦਾ ਸੀ ਕੈਦਖਾਨੇ ਵਿਚ ਸੀ, ਤਾਂ ਦਰੋਗ਼ੇ ਨੇ ਕੈਦਖਾਨੇ ਦੀ ਸਾਰੀ ਜ਼ਿੰਮੇਵਾਰੀ ਉਸ ਦੇ ਹੱਥ ਵਿਚ ਸੌਂਪ ਦਿੱਤੀ। ਬਹੁਤ ਸਾਰੇ ਦੁੱਖ ਮੁਸੀਬਤਾਂ ਝੱਲਣ ਦੇ ਬਾਵਜੂਦ, ਉਹ ਪਰਮੇਸ਼ੁਰ ਦਾ ਪ੍ਰਸ਼ੰਸਾਯੋਗ ਅਤੇ ਆਦਰਯੋਗ ਜਨ ਬਣਿਆ। “ਯਹੋਵਾਹ ਉਹ ਦੇ ਸੰਗ ਸੀ” ਅਰ ਜੋ ਕੁਝ ਉਹ ਕਰਦਾ ਸੀ ਯਹੋਵਾਹ ਉਸ ਨੂੰ ਸੁਫਲ ਬਣਾ ਦਿੰਦਾ ਸੀ (39:2, 21)।

## ਯੂਸੁਫ਼ ਦਾ ਤਰੱਕੀ ਪ੍ਰਾਪਤ ਕਰਕੇ ਪੋਟੀਫ਼ਰ ਦੀ ਮਿਲਖ ਉੱਤੇ ਮੁਖ਼ਤਿਆਰ ਬਣਨਾ (39:1-6)

**1ਯੂਸੁਫ਼ ਮਿਸਰ ਵਿੱਚ ਲਿਆਂਦਾ ਗਿਆ ਅਰ ਪੋਟੀਫ਼ਰ ਮਿਸਰੀ ਨੇ ਜਿਹੜਾ ਫ਼ਿਰਊਨ ਦਾ ਖੁਸਰਾ ਤੇ ਜਲਾਦਾਂ ਦਾ ਸਰਦਾਰ ਸੀ ਉਸ ਨੂੰ ਇਸਮਾਏਲੀਆਂ ਦੇ ਹੱਥੋਂ ਜਿਹੜੇ ਉਸ ਨੂੰ ਉੱਥੇ ਲਿਆਏ ਸਨ ਮੁੱਲ ਲੈ ਲਿਆ।
2ਯਹੋਵਾਹ ਯੂਸੁਫ਼ ਦੇ ਅੰਗ ਸੰਗ ਸੀ ਸੋ ਉਹ ਭਾਗਵਾਨ ਮਨੁੱਖ ਹੋ ਗਿਆ ਅਤੇ ਉਹ ਆਪਣੇ ਮਿਸਰੀ ਸਵਾਮੀ ਦੇ ਘਰ ਰਹਿੰਦਾ ਸੀ।
3ਤਾਂ ਉਸ ਦੇ ਸਵਾਮੀ ਨੇ ਵੇਖਿਆ ਕਿ ਯਹੋਵਾਹ ਉਸ ਦੇ ਅੰਗ ਸੰਗ ਹੈ ਅਰ ਜੋ ਕੰਮ ਉਹ ਕਰਦਾ ਹੈ ਉਸ ਦੇ ਹੱਥੋਂ ਉਹ ਸੁਫਲ ਕਰਾਉਂਦਾ ਹੈ।
4ਸੋ ਯੂਸੁਫ਼ ਉੱਤੇ ਉਹ ਦੀ ਦਯਾ ਦੀ ਨਿਗਾਹ ਹੋਈ। ਉਸ ਨੇ ਉਹ ਦੀ ਸੇਵਾ ਕੀਤੀ ਅਤੇ ਉਸ ਨੇ ਉਹ ਨੂੰ ਆਪਣੇ ਘਰ ਦਾ ਮੁਖ਼ਤਿਆਰ ਬਣਾ ਦਿੱਤਾ ਅਰ ਜੋ ਕੁਝ ਉਹ ਦਾ ਸੀ ਉਸ ਦੇ ਹੱਥ ਵਿੱਚ ਦੇ ਦਿੱਤਾ।
5ਐਉਂ ਹੋਇਆ ਕਿ ਜਿਸ ਵੇਲੇ ਤੋਂ ਉਸ ਨੇ ਉਹ ਨੂੰ ਆਪਣੇ ਘਰ ਦਾ ਅਰ ਆਪਣੀਆਂ ਸਭ ਚੀਜ਼ਾਂ ਦਾ ਮੁਖ਼ਤਿਆਰ ਬਣਾ ਦਿੱਤਾ ਯਹੋਵਾਹ ਨੇ ਉਸ ਮਿਸਰੀ ਦੇ ਘਰ ਉੱਤੇ ਯੂਸੁਫ਼ ਦੇ ਕਾਰਨ ਬਰਕਤ ਬਖ਼ਸ਼ੀ ਅਤੇ ਯਹੋਵਾਹ ਦੀ ਬਰਕਤ ਉਸ ਦੀਆਂ ਸਭ ਚੀਜ਼ਾਂ ਉੱਤੇ ਹੋਈ ਭਾਵੇਂ ਓਹ ਘਰ ਵਿੱਚ ਸਨ ਭਾਵੇਂ ਖੇਤ ਵਿੱਚ।
6ਅਰ ਉਸ ਨੇ ਸਭ ਕੁਝ ਯੂਸੁਫ਼ ਦੇ ਹੱਥ ਵਿੱਚ ਛੱਡ ਦਿੱਤਾ ਅਰ ਉਸ ਨੇ ਆਪਣੀ ਖਾਣ ਦੀ ਰੋਟੀ ਤੋਂ ਛੁੱਟ ਹੋਰ ਕਿਸੇ ਚੀਜ਼ ਦੀ ਖ਼ਬਰ।**

**ਆਇਤ 1.** ਇਹ ਅਧਿਆਇ 37:36 ਦੀਆਂ ਘਟਨਾਵਾਂ ਨੂੰ ਦੁਹਰਾਉਣ ਨਾਲ ਸ਼ੁਰੂ ਹੁੰਦਾ ਹੈ, ਜੋ ਕਿ ਇਹ ਦੱਸਦਾ ਹੈ ਕਿ **ਯੂਸੁਫ਼** ਦੇ ਭਰਾਵਾਂ ਨੇ ਕਿਵੇਂ ਉਸ ਨੂੰ **ਮਿਸਰ** ਦੀ ਗੁਲਾਮੀ ਦੇ ਲਈ ਵੇਚ ਦਿੱਤਾ। ਉੱਥੇ ਉਸ ਨੂੰ **ਪੋਟੀਫ਼ਰ** ਨਾਮ ਦੇ ਇਕ ਆਦਮੀ ਨੇ ਖਰੀਦ ਲਿਆ। "ਪੋਟੀਫ਼ਰ" ਨਾਮ ਦਾ ਅਰਥ ਹੈ "ਉਹ ਜਿਸ ਨੂੰ ਰੀ [ਸੂਰਜ ਦੇਵਤਾ] ਦਿੱਤਾ ਗਿਆ ਹੈ" ਅਤੇ ਸੰਭਵ ਤੌਰ ਤੇ "ਪੋਟੀ-ਫਰਾ" ਦਾ ਛੋਟਾ ਰੂਪ ਹੈ।[1] ਬਾਅਦ ਵਿਚ ਇਸੇ ਨਾਮ ਦਾ ਇਕ ਵੱਖਰਾ ਵਿਅਕਤੀ ਯੂਸੁਫ਼ ਦਾ ਸੌਹਰਾ ਬਣਿਆ (41:45, 50; 46:20)।

ਪੋਟੀਫ਼ਰ ਦਾ ਪਹਿਲਾਂ **ਫ਼ਿਰਊਨ ਦੇ** ਇਕ ਪ੍ਰਸਿੱਧ **ਮਿਸਰੀ ਸਰਦਾਰ** ਵਜੋਂ ਵਰਣਨ ਕੀਤਾ ਗਿਆ ਸੀ। "ਸਰਦਾਰ" (סָרִיס, *ਸਾਰਿਸ)* ਸ਼ਬਦ "ਕਚਹਿਰੀ ਦੇ ਕਿਸੇ ਅਫ਼ਸਰ" ਦਾ ਹਵਾਲਾ ਦਿੰਦਾ ਹੈ; ਇਹ ਸ਼ਬਦ ਅੱਕਾਦੀ ਨਾਂ ਵਿੱਚੋਂ ਨਿੱਕਲਿਆ ਹੈ ਜਿਸ ਦਾ ਅਰਥ ਹੈ "(ਰਾਜੇ ਦੇ) ਮੁਖੀਆਂ ਵਿੱਚੋਂ ਇਕ।" ਬਾਅਦ ਵਿਚ ਰਾਜੇ ਦੇ ਦਰਬਾਰ ਵਿਚ ਇਸ ਸ਼ਬਦ ਦਾ ਅਰਥ "ਖੁਸਰਾ" (ਖੋਜਾ) ਹੁੰਦਾ ਸੀ।[2] ਇੱਥੇ ਇਹ ਇਕ ਸ਼ਾਦੀਸ਼ੁਦਾ ਮਿਸਰੀ ਆਦਮੀ ਦਾ ਵਰਣਨ ਕਰਦਾ ਹੈ ਜਿਹੜਾ ਕਿ ਫ਼ਿਰਊਨ ਦਾ ਇਕ ਉੱਚ ਅਧਿਕਾਰੀ ਸੀ।

ਅਗਲੀ ਗੱਲ, ਪੋਟੀਫ਼ਰ ਦਾ **ਜਲਾਦਾਂ ਦੇ ਸਰਦਾਰ** ਵਜੋਂ ਹਵਾਲਾ ਦਿੱਤਾ ਗਿਆ ਹੈ (ਵੇਖੋ 40:3, 4; 41:10, 12)। "ਸਰਦਾਰ" (שַׂר, *ਸਰ)* ਸ਼ਬਦ ਦਾ ਅਨੁਵਾਦ "ਹਾਕਮ" ਜਾਂ "ਪ੍ਰਧਾਨ" ਵੀ ਕੀਤਾ ਜਾ ਸਕਦਾ ਹੈ। ਪੋਟੀਫ਼ਰ ਫਿਰਊਨ ਦੇ "ਜਲਾਦਾਂ" ਦਾ ਪ੍ਰਧਾਨ ਸੀ। ਇਹ ਸ਼ਬਦ טַבָּח (*ਟਬੱਚ*) ਦੇ ਬਹੁਵਚਨ ਰੂਪ ਦਾ ਅਨੁਵਾਦ ਕਰਦਾ ਹੈ, ਜਿਹੜਾ ਚੌਂਕੀਦਾਰਾਂ ਦਾ ਹਵਾਲਾ ਦਿੰਦਾ ਹੈ ਜਿਹੜੇ ਜਲਾਦਾਂ ਦਾ ਵੀ ਕੰਮ ਕਰਦੇ ਸਨ।[3] ਪੋਟੀਫ਼ਰ ਸ਼ਾਇਦ ਰਾਜੇ ਦੀ ਸੁਰੱਖਿਆ ਅਤੇ ਅਪਰਾਧੀਆਂ ਦੀ ਸਜ਼ਾ ਅਤੇ ਉੱਘੇ ਹੋਏ ਮੁਜਰਮਾਂ ਦੀ ਨਿਗਰਾਨੀ ਕਰਦਾ ਸੀ (ਵੇਖੋ 2 ਰਾਜਿਆਂ 25:8-21; ਯਿਰਮਿਯਾਹ 39:9-14)।

ਇਸ ਭਰੋਸੇਮੰਦ ਅਫ਼ਸਰ ਨੇ **ਇਸਮਾਏਲੀਆਂ** ਜਾਂ ਮਿਦਯਾਨੀਆਂ **ਦੇ ਹੱਥੋਂ ਉਸ** [ਯੂਸੁਫ਼] **ਨੂੰ ਮੁੱਲ ਲੈ ਲਿਆ** (37:25, 27, 28, 36), ਜਿਨ੍ਹਾਂ ਨੇ ਇਸ ਨੌਜਵਾਨ ਮੁੰਡੇ ਨੂੰ ਕਨਾਨ ਵਿਚ ਉਸ ਦੇ ਭਰਾਵਾਂ ਤੋਂ ਮੁੱਲ ਲਿਆ ਸੀ। ਇਸਮਾਏਲੀ ਉਸ ਨੂੰ ਮਿਸਰ ਦੀ ਰਾਜਧਾਨੀ ਵਿਚ ਲੈ ਆਏ ਸਨ।

**ਆਇਤ 2.** ਹਾਲਾਂਕਿ ਯੂਸੁਫ਼ ਦੇ ਭਰਾਵਾਂ ਨੇ ਉਸ ਨੂੰ ਤੁੱਛ ਜਾਣਿਆ ਸੀ, ਪਰਮੇਸ਼ੁਰ ਕੋਲ ਉਸ ਦੇ ਲਈ ਇਕ ਯੋਜਨਾ ਸੀ। ਇਹ ਵਾਕ ਕਿ **ਯਹੋਵਾਹ ਯੂਸੁਫ਼ ਦੇ ਅੰਗ ਸੰਗ ਸੀ** (ਵੇਖੋ 39:3, 21, 23[4]) ਸਫ਼ਲਤਾ, ਖੁਸ਼ਹਾਲੀ, ਜਾਂ ਜਿੱਤ ਵੱਲ ਇਸ਼ਾਰਾ ਕਰਦਾ ਹੈ। ਸਿਰਫ ਸੰਦਰਭ ਹੀ ਇਸ ਵਾਕ ਦੇ ਸਹੀ ਅਰਥ ਨੂੰ ਨਿਸ਼ਚਤ ਕਰ ਸਕਦਾ ਹੈ; ਪਰ ਇੱਥੇ ਸਪੱਸ਼ਟ ਤੌਰ ਤੇ ਇਸ ਦਾ ਅਰਥ ਇਹ ਹੈ ਕਿ ਪਰਮੇਸ਼ੁਰ ਦੀਆਂ ਬਰਕਤਾਂ ਯੂਸੁਫ਼ ਉੱਤੇ ਸਨ, **ਸੋ ਉਹ ਭਾਗਵਾਨ ਮਨੁੱਖ ਹੋ ਗਿਆ**। ਪਰਮੇਸ਼ੁਰ ਦੇ ਦੈਵੀ ਪ੍ਰਬੰਧ ਨਾਲ, **ਉਹ ਆਪਣੇ ਮਿਸਰੀ ਸਵਾਮੀ ਦੇ ਘਰ ਰਹਿੰਦਾ ਸੀ**।

**ਆਇਤ 3.** ਪੋਟੀਫ਼ਰ ਵਿਅਕਤੀਗਤ ਤੌਰ ਤੇ ਇਹ ਜਾਣ ਗਿਆ ਸੀ ਕਿ ਯੂਸੁਫ਼ ਹੋਰਨਾਂ ਗੁਲਾਮਾਂ ਨਾਲੋਂ ਅਲੱਗ ਸੀ, ਜਿਹੜੇ ਅਕਸਰ ਨਾਰਾਜ਼, ਢੀਠ ਅਤੇ ਬੇਇਤਿਬਾਰੇ ਹੁੰਦੇ ਸਨ। ਇਸ ਦੇ ਉਲਟ, **ਉਸ ਦੇ ਸਵਾਮੀ ਨੇ ਵੇਖਿਆ ਕਿ ਯਹੋਵਾਹ ਉਸ ਦੇ ਅੰਗ ਸੰਗ ਹੈ** ਅਤੇ ਇਹ ਗੁਲਾਮ ਮੁੰਡਾ ਹਰੇਕ ਕੰਮ ਬੜੀ ਮਿਹਨਤ ਅਤੇ ਲਗਨ ਨਾਲ ਕਰਦਾ ਸੀ। ਪਰਮੇਸ਼ੁਰ ਦੀ ਸਹਾਇਤਾ ਨਾਲ, ਜੋ ਕੰਮ ਵੀ ਯੂਸੁਫ਼ ਨੂੰ ਸੌਂਪਿਆ ਗਿਆ **ਉਸ ਦੇ ਹੱਥੋਂ** ਸਫ਼ਲਤਾ ਪੂਰਵਕ ਪੂਰਾ ਹੋਇਆ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪੋਟੀਫ਼ਰ ਮਿਸਰੀ ਦੇਵਤਿਆਂ ਦੀ ਪੂਜਾ ਕਰਦਾ ਸੀ; ਫਿਰ ਵੀ, ਉਸ ਨੂੰ ਪਤਾ ਲੱਗਾ - ਬੇਸ਼ੱਕ ਖੁਦ ਯੂਸੁਫ਼ ਕੋਲੋਂ - ਕਿ ਉਸ ਦਾ ਗੁਲਾਮ "ਯਹੋਵਾਹ"

(ਯਾਹਵੇਹ) ਦੀ ਅਰਾਧਨਾ ਕਰਦਾ ਸੀ। ਪੋਟੀਫ਼ਰ ਸ਼ਾਇਦ ਇਸ ਨੌਜਵਾਨ ਇਬਰਾਨੀ ਦੇ ਪਰਮੇਸ਼ੁਰ ਬਾਰੇ ਖੁੱਲ੍ਹੇ-ਖਿਆਲਾਤ ਵਾਲਾ ਸੀ[5] ਅਤੇ ਉਸ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਸੀ ਉਹ ਕਿਸ ਪਰਮੇਸ਼ੁਰ ਦੀ ਅਰਾਧਨਾ ਕਰਦਾ ਹੈ ਜਦੋਂ ਉਹ ਉਸ ਨੂੰ ਦਿੱਤੇ ਗਏ ਕੰਮਾਂ ਨੂੰ ਪੂਰਾ ਕਰੀ ਜਾਂਦਾ ਸੀ।

ਆਇਤ 4. ਇਸ ਲਈ, ਯੂਸੁਫ਼ ਉੱਤੇ ਉਹ ਦੀ ਦਯਾ ਦੀ ਨਿਗਾਹ ਹੋਈ ਅਤੇ ਪੋਟੀਫ਼ਰ ਨੇ ਉਹ ਨੂੰ ਆਪਣੇ ਘਰ ਦਾ ਮੁਖ਼ਤਿਆਰ ਬਣਾ ਦਿੱਤਾ। ਜਲਦੀ ਹੀ, ਉਸ ਦੇ ਸਵਾਮੀ ਨੇ ਉਸ ਨੂੰ ਆਪਣੇ ਘਰ ਦਾ ਮੁਖ਼ਤਿਆਰ ਬਣਾ ਕੇ ਅਰ ਜੋ ਕੁਝ ਉਹ ਦਾ ਸੀ ਉਸ ਦੇ ਹੱਥ ਵਿੱਚ ਦੇ ਕੇ ਉਸ ਨੂੰ ਉੱਚ ਪਦਵੀ ਦੇ ਦਿੱਤੀ। ਇਹ ਅਜਿਹੇ ਨੌਜਵਾਨ ਦੇ ਲਈ ਇਕ ਪ੍ਰਭਾਵਸ਼ਾਲੀ ਨਿਯੁਕਤੀ ਸੀ।

ਆਇਤਾਂ 5, 6. ਜਿਸ ਵੇਲੇ ਤੋਂ ਉਸ [ਪੋਟੀਫ਼ਰ] ਨੇ ਉਹ [ਯੂਸੁਫ਼] ਨੂੰ ਆਪਣੇ ਘਰ ਦਾ ਅਰ ਆਪਣੀਆਂ ਸਭ ਚੀਜ਼ਾਂ ਦਾ ਮੁਖ਼ਤਿਆਰ ਬਣਾ ਦਿੱਤਾ ਯਹੋਵਾਹ ਨੇ ਉਸ ਮਿਸਰੀ ਦੇ ਘਰ ਉੱਤੇ ਯੂਸੁਫ਼ ਦੇ ਕਾਰਨ ਬਰਕਤ ਬਖ਼ਸ਼ੀ। ਜਿਵੇਂ ਯਹੋਵਾਹ ਨੇ ਯਾਕੂਬ ਦੀ ਸੇਵਾ ਟਹਿਲ ਦੇ ਕਾਰਨ ਲਾਬਾਨ ਨੂੰ ਬਰਕਤ ਦਿੱਤੀ ਸੀ (30:27, 30), ਹੁਣ ਉਹ ਯੂਸੁਫ਼ ਦੀ ਸੇਵਾ ਟਹਿਲ ਦੇ ਕਾਰਨ ਪੋਟੀਫ਼ਰ ਨੂੰ ਬਰਕਤ ਦੇ ਰਿਹਾ ਸੀ। ਕਿਉਂਕਿ ਲੇਖਕ ਨੇ ਯੂਸੁਫ਼ ਦੀਆਂ ਪ੍ਰਾਪਤੀਆਂ ਜਾਂ ਉਸ ਨੇ ਇਹ ਸਭ ਕਿਵੇਂ ਕੀਤਾ ਇਸ ਦਾ ਜ਼ਿਕਰ ਨਹੀਂ ਕੀਤਾ, ਕੋਈ ਵੀ ਵਿਅਕਤੀ ਇਹ ਕਲਪਨਾ ਕਰ ਸਕਦਾ ਹੈ ਕਿ ਉਸ ਨੇ ਦੂਜੇ ਗੁਲਾਮਾਂ ਨਾਲ ਵਰਤਾਓ ਕਰਦਿਆਂ ਜ਼ਿਆਦਾ ਦਇਆ ਪੂਰਣ ਨੀਤੀ ਬਣਾਈ। ਜੇਕਰ ਉਹ ਉਨ੍ਹਾਂ ਨਾਲ ਜ਼ਿਆਦਾ ਇੱਜ਼ਤ-ਮਾਣ ਅਤੇ ਆਦਰ ਨਾਲ ਪੇਸ਼ ਆਇਆ ਸੀ, ਤਾਂ ਇਹ ਕਲਪਨਾ ਕਰਨਾ ਮੁਸ਼ਕਲ ਨਹੀਂ ਹੈ ਕਿ ਉਨ੍ਹਾਂ ਨੇ ਉਸ ਦੇ ਇਸ ਵਰਤਾਓ ਦਾ ਜਵਾਬ ਜ਼ਿਆਦਾ ਉੱਦਮੀ ਕਾਮੇ ਬਣ ਕੇ ਅਤੇ ਆਪਣੇ ਕੰਮਾਂ ਵਿਚ ਜ਼ਿਆਦਾ ਕਾਮਯਾਬ ਹੋ ਕੇ ਦਿੱਤਾ ਹੋਵੇਗਾ। ਇਸ ਬਿਰਤਾਂਤ ਦਾ ਸਾਰ ਇਹ ਹੈ ਕਿ ਯਹੋਵਾਹ ਦੀ ਬਰਕਤ ਉਸ ਦੀਆਂ ਸਭ ਚੀਜ਼ਾਂ ਉੱਤੇ ਹੋਈ ਭਾਵੇਂ ਓਹ ਘਰ ਵਿੱਚ ਸਨ ਭਾਵੇਂ ਖੇਤ ਵਿੱਚ। ਉਤਪਤ ਦੀ ਪੁਸਤਕ ਵਿਚ "ਬਰਕਤ" ਦੀ ਧਾਰਣਾ ਵਿਚ ਆਮ ਤੌਰ ਤੇ ਦੁਨਿਆਵੀ ਧਨ ਅਤੇ ਖੁਸ਼ਹਾਲੀ ਸ਼ਾਮਲ ਸੀ (24:35; 26:12, 13; 30:30), ਇਸ ਲਈ ਅਸੀਂ ਇਹ ਕਲਪਨਾ ਕਰ ਸਕਦੇ ਹਾਂ ਕਿ ਪੋਟੀਫ਼ਰ ਦੀ ਧਨ ਦੌਲਤ ਬਹੁਤ ਜ਼ਿਆਦਾ ਵੱਧ ਗਈ। ਇਹ ਇਸ ਗੱਲ ਦੀ ਪੂਰਵ ਸੂਚਨਾ ਸੀ ਕਿ ਭਵਿੱਖ ਵਿਚ ਯੂਸੁਫ਼ ਦੀ ਅਗਵਾਈ ਹੇਠ ਕਿਵੇਂ ਫ਼ਿਰਊਨ ਅਤੇ ਸਾਰਾ ਮਿਸਰ ਬਰਕਤ ਪਾਵੇਗਾ (41:49; 47:13-26)। ਜੋ ਕੁਝ ਉਹ [ਪੋਟੀਫ਼ਰ] ਦਾ ਸੀ ਉਸ ਤੇ ਪਰਮੇਸ਼ੁਰ ਦੀਆਂ ਭਰਪੂਰ ਬਰਕਤਾਂ ਦਾ ਨਤੀਜਾ ਇਹ ਨਿੱਕਲਿਆ ਕਿ ਉਸ ਨੇ ਉਹ [ਯੂਸੁਫ਼] ਨੂੰ ਆਪਣੇ ਘਰ ਦਾ ਅਰ ਆਪਣੀਆਂ ਸਭ ਚੀਜ਼ਾਂ ਦਾ ਮੁਖ਼ਤਿਆਰ ਬਣਾ ਦਿੱਤਾ। ਸ਼ਾਇਦ ਪੋਟੀਫ਼ਰ ਦਾ ਭੋਜਨ "ਮਿਸਰੀ ਰੀਤੀ ਰਿਵਾਜਾਂ ਅਨੁਸਾਰ ਤਿਆਰ ਕੀਤਾ ਜਾਣਾ ਸੀ (ਜਿਸ ਦੇ ਬਾਰੇ ਕੋਈ ਪਰਦੇਸੀ ਨਹੀਂ ਸੀ ਜਾਣਦਾ ਜਾਂ ਉਹ ਕਾਨੂੰਨੀ ਤੌਰ ਤੇ ਉਸ ਦਾ ਖਾਣਾ ਨਹੀਂ ਸੀ ਬਣਾ ਸਕਦਾ)।"[6]

## ਯੂਸੁਫ਼ ਨੂੰ ਲੁਭਾਉਣ ਲਈ ਪੋਟੀਫ਼ਰ ਦੀ ਪਤਨੀ ਦੇ ਜਤਨ (39:6-18)

**6ਅਤੇ ਯੂਸੁਫ਼ ਰੂਪਵੰਤ ਅਰ ਸੋਹਣਾ ਸੀ। 7ਤਾਂ ਏਹਨਾਂ ਗੱਲਾਂ ਦੇ ਪਿੱਛੋਂ ਐਉਂ ਹੋਇਆ ਕਿ ਉਸ ਦੇ ਸਵਾਮੀ ਦੀ ਤੀਵੀਂ ਆਪਣੀਆਂ ਅੱਖਾਂ ਯੂਸੁਫ਼ ਨਾਲ ਲਾਉਣ ਲੱਗ ਪਈ ਅਰ ਉਸ ਉਹ ਨੂੰ ਆਖਿਆ, ਤੂੰ ਮੇਰੇ ਨਾਲ ਲੇਟ। 8ਪਰ ਉਸ ਨੇ ਨਾ ਮੰਨਿਆ ਅਰ ਆਪਣੇ ਸਵਾਮੀ ਦੀ ਤੀਵੀਂ ਨੂੰ ਆਖਿਆ, ਵੇਖੋ ਮੇਰਾ ਸਵਾਮੀ ਨਹੀਂ ਜਾਣਦਾ ਕਿ ਘਰ ਵਿੱਚ ਮੇਰੇ ਕੋਲ ਕੀ ਕੁਝ ਹੈ ਅਤੇ ਉਸ ਨੇ**

**ਆਪਣਾ ਸਭ ਕੁਝ ਮੇਰੇ ਹੱਥ ਦੇ ਦਿੱਤਾ ਹੈ। 9ਅਰ ਏਸ ਘਰ ਵਿੱਚ ਮੈਥੋਂ ਵੱਡਾ ਵੀ ਕੋਈ ਨਹੀਂ ਅਤੇ ਉਸ ਨੇ ਤੁਹਾਥੋਂ ਬਿਨਾਂ ਕੋਈ ਚੀਜ਼ ਮੇਰੇ ਕੋਲੋਂ ਰੋਕ ਕੇ ਵੀ ਨਹੀਂ ਰੱਖੀ ਕਿਉਂਜੋ ਤੁਸੀਂ ਉਸ ਦੀ ਪਤਨੀ ਹੋ। ਮੈਂ ਐੱਡੀ ਵੱਡੀ ਬੁਰਿਆਈ ਅਤੇ ਪਾਪ ਪਰਮੇਸ਼ੁਰ ਦੇ ਵਿਰੁੱਧ ਕਿਵੇਂ ਕਰਾਂ? 10ਤਾਂ ਐਉਂ ਹੋਇਆ ਕਿ ਉਹ ਨਿੱਤ ਦਿਹਾੜੇ ਆਖਦੀ ਰਹੀ ਪਰ ਉਸ ਨੇ ਉਸ ਦੀ ਗੱਲ ਨਾ ਮੰਨੀ ਕਿ ਉਹ ਉਸ ਦੇ ਨਾਲ ਲੇਟੇ ਅਥਵਾ ਉਸ ਦੇ ਕੋਲ ਰਹੇ। 11ਤਾਂ ਇੱਕ ਦਿਨ ਐਉਂ ਹੋਇਆ ਕਿ ਉਹ ਘਰ ਵਿੱਚ ਆਪਣਾ ਕੰਮ ਕਰਨ ਲਈ ਗਿਆ ਅਰ ਘਰ ਦੇ ਮਨੁੱਖਾਂ ਵਿੱਚੋਂ ਕੋਈ ਉੱਥੇ ਘਰ ਵਿੱਚ ਨਹੀਂ ਸੀ। 12ਤਾਂ ਉਸ ਨੇ ਉਸ ਦਾ ਕੱਪੜਾ ਫੜ ਕੇ ਆਖਿਆ, ਮੇਰੇ ਨਾਲ ਲੇਟ। ਤਾਂ ਉਹ ਆਪਣਾ ਕੱਪੜਾ ਉਸ ਦੇ ਹੱਥ ਵਿੱਚ ਛੱਡ ਕੇ ਨੱਠਾ ਅਰ ਬਾਹਰ ਨਿੱਕਲਿਆ। 13ਫੇਰ ਐਉਂ ਹੋਇਆ ਕਿ ਜਾਂ ਉਸ ਨੇ ਵੇਖਿਆ ਕਿ ਉਹ ਆਪਣਾ ਕੱਪੜਾ ਮੇਰੇ ਹੱਥ ਵਿੱਚ ਛੱਡਕੇ ਬਾਹਰ ਨੂੰ ਨੱਠ ਗਿਆ, 14ਤਾਂ ਉਸ ਨੇ ਆਪਣੇ ਘਰ ਦੇ ਮਨੁੱਖਾਂ ਨੂੰ ਬੁਲਾਇਆ ਅਰ ਉਨ੍ਹਾਂ ਨੂੰ ਆਖਿਆ, ਵੇਖੋ ਉਹ ਇੱਕ ਇਬਰਾਨੀ ਨੂੰ ਸਾਡੇ ਕੋਲ ਲੈ ਆਇਆ ਹੈ ਜਿਹੜਾ ਸਾਨੂੰ ਠੱਠੇ ਕਰੇ। ਉਹ ਮੇਰੇ ਕੋਲ ਅੰਦਰ ਆਇਆ ਤਾਂਜੋ ਉਹ ਮੇਰੇ ਨਾਲ ਲੇਟੇ ਤਾਂ ਮੈਂ ਵੱਡੀ ਅਵਾਜ਼ ਨਾਲ ਬੋਲ ਪਈ। 15ਅਤੇ ਐਉਂ ਹੋਇਆ ਕਿ ਜਦ ਉਸ ਨੇ ਸੁਣਿਆ ਕਿ ਮੈਂ ਉੱਚੀ ਦੇਕੇ ਅਵਾਜ਼ ਉਠਾਈ ਤਾਂ ਉਹ ਆਪਣਾ ਕੱਪੜਾ ਮੇਰੇ ਕੋਲ ਛੱਡਕੇ ਬਾਹਰ ਨੂੰ ਨੱਠ ਗਿਆ। 16ਸੋ ਉਸ ਨੇ ਆਪਣੇ ਸਵਾਮੀ ਦੇ ਘਰ ਆਉਣ ਤੀਕ ਉਸ ਦਾ ਕੱਪੜਾ ਆਪਣੇ ਕੋਲ ਰੱਖ ਛੱਡਿਆ। 17ਤਾਂ ਉਹ ਉਸ ਨੂੰ ਉਨ੍ਹਾਂ ਗੱਲਾਂ ਦੇ ਅਨੁਸਾਰ ਬੋਲੀ ਕਿ ਜਿਹੜਾ ਇਬਰਾਨੀ ਗੁਲਾਮ ਤੂੰ ਸਾਡੇ ਕੋਲ ਲੈ ਆਇਆ ਹੈਂ ਉਹ ਮੇਰੇ ਕੋਲ ਅੰਦਰ ਆ ਵੜਿਆ ਅਰ ਮੈਨੂੰ ਠੱਠੇ ਕਰਨ ਲੱਗਾ। 18ਤਾਂ ਐਉਂ ਹੋਇਆ ਕਿ ਜਾਂ ਮੈਂ ਉੱਚੀ ਦੇਕੇ ਅਵਾਜ਼ ਉਠਾਈ ਤਾਂ ਆਪਣਾ ਕੱਪੜਾ ਮੇਰੇ ਕੋਲ ਛੱਡਕੇ ਬਾਹਰ ਨੂੰ ਨੱਠ ਗਿਆ।**

**ਆਇਤਾਂ 6, 7.** ਹੁਣ ਤੱਕ, ਮਿਸਰ ਵਿਚ **ਯੂਸੁਫ਼** ਦੇ ਲਈ ਸਭ ਕੁਝ ਠੀਕ ਠਾਕ ਚੱਲ ਰਿਹਾ ਸੀ, ਭਾਵੇਂ ਕਿ ਉਹ ਇਕ ਗੁਲਾਮ ਸੀ। ਉਸ ਨੂੰ ਆਪਣੇ ਸਵਾਮੀ ਦੇ ਅਧੀਨ ਰਹਿ ਕੇ ਪਦਵੀ ਅਤੇ ਇਖ਼ਤਿਆਰ ਵੀ ਮਿਲ ਗਿਆ ਸੀ। ਪਰ, ਉਸ ਦੇ ਹਾਲਾਤ ਇਕਦਮ ਬਦਲ ਗਏ ਜਦੋਂ ਪੋਟੀਫ਼ਰ ਦੀ **ਤੀਵੀਂ** ਉਸ ਦੇ ਵੱਲ ਆਕਰਸ਼ਤ ਹੋਈ। ਕਿਉਂਕਿ ਉਹ **ਰੂਪਵੰਤ ਅਰ ਸੋਹਣਾ ਸੀ**, ਉਹ **ਆਪਣੀਆਂ ਅੱਖਾਂ ਯੂਸੁਫ਼ ਨਾਲ ਲਾਉਣ ਲੱਗ ਪਈ** ਅਤੇ ਇਹ ਆਖਦੇ ਹੋਏ ਉਸ ਦੇ ਅੱਗੇ ਇਹ ਪ੍ਰਸਤਾਵ ਰੱਖਿਆ ਕਿ **ਤੂੰ ਮੇਰੇ ਨਾਲ ਲੇਟ।** ਉਸ ਦੇ ਸਿੱਧੇ ਤੌਰ ਤੇ ਇਸ ਤਰ੍ਹਾਂ ਦਾ ਪ੍ਰਸਤਾਵ ਰੱਖਣ ਤੋਂ ਇਹ ਪਤਾ ਲੱਗਦਾ ਹੈ ਕਿ ਇਹ ਕੋਈ ਪਹਿਲੀ ਵਾਰ ਨਹੀਂ ਸੀ ਜਦੋਂ ਉਸ ਨੇ ਕਿਸੇ ਗੁਲਾਮ ਕੋਲੋਂ ਇਸ ਤਰ੍ਹਾਂ ਕਰਨ ਦੀ ਮੰਗ ਕੀਤੀ ਸੀ। ਸ਼ਾਇਦ ਜ਼ਿਆਦਾਤਰ ਗੁਲਾਮ ਬਿਨਾਂ ਕਿਸੇ ਬਹਿਸ ਦੇ ਉਸ ਨਾਲ ਲੇਟਣ ਦੇ ਲਈ ਤਿਆਰ ਹੋ ਗਏ ਹੋਣਗੇ, ਪਰ ਛੇਤੀ ਹੀ ਉਹ ਜਾਣ ਜਾਵੇਗੀ ਕਿ ਯੂਸੁਫ਼ ਇਕ ਗੈਰ-ਯਹੂਦੀ ਨਹੀਂ ਸੀ ਜਿਹੜਾ ਕਿ ਕਿਸੇ ਹੋਰ ਦੀ ਤੀਵੀਂ ਨਾਲ ਸਰੀਰਕ ਸੰਬੰਧ ਬਣਾਉਣ ਦੇ ਲਈ ਰਾਜ਼ੀ ਹੋ ਜਾਵੇਗਾ। ਉਹ ਖਰੀ ਚਾਲ ਚੱਲਣ ਵਾਲਾ ਵਿਅਕਤੀ ਸੀ ਅਤੇ ਉਹ ਇਸ ਅਜ਼ਮਾਇਸ਼ ਅੱਗੇ ਨਹੀਂ ਝੁਕੇਗਾ।

**ਆਇਤ 8.** ਯੂਸੁਫ਼ ਨੇ ਉਸ ਦਾ ਪ੍ਰਸਤਾਵ **ਨਾ ਮੰਨਿਆ**, ਪਰ ਉਸ ਨੂੰ ਠੁਕਰਾਉਣ ਦੇ ਲਈ ਉਸ ਨੇ ਜੋ ਕਾਰਣ ਦਿੱਤੇ ਸਨ ਉਹ ਇਸ ਤਰ੍ਹਾਂ ਦਾ ਤਰਕ ਜਾਪਦੇ ਹਨ ਜੋ ਕੋਈ ਹੋਰ ਵਿਅਕਤੀ ਉਸ ਤੀਵੀਂ ਦੇ ਪ੍ਰਸਤਾਵ ਨੂੰ ਮੰਨਣ ਦੇ ਲਈ ਦੇ ਸਕਦਾ ਸੀ। ਪਹਿਲਾ ਕਾਰਣ, ਯੂਸੁਫ਼ ਨੇ ਜ਼ਿੰਮੇਵਾਰੀ ਤੋਂ ਆਪਣੀ ਅਜ਼ਾਦੀ ਦਾ ਜ਼ਿਕਰ ਕੀਤਾ ਸੀ: **ਮੇਰਾ ਸਵਾਮੀ ਨਹੀਂ ਜਾਣਦਾ ਕਿ ਘਰ ਵਿੱਚ ਮੇਰੇ ਕੋਲ ਕੀ ਕੁਝ ਹੈ ਅਤੇ ਉਸ ਨੇ ਆਪਣਾ ਸਭ ਕੁਝ ਮੇਰੇ ਹੱਥ ਦੇ ਦਿੱਤਾ ਹੈ।**

**ਆਇਤ 9.** ਦੂਜਾ ਕਾਰਣ, ਉਸ ਨੇ ਆਪਣੀ ਤਰੱਕੀ ਦਾ ਹਵਾਲਾ ਦਿੱਤਾ: **ਘਰ ਵਿੱਚ** ਉਸ ਨਾਲੋਂ **ਵੱਡਾ ਵੀ ਕੋਈ ਨਹੀਂ** ਸੀ। ਇਸ ਭਰੋਸੇ ਅਤੇ ਜ਼ਿੰਮੇਵਾਰੀ ਨੇ ਕਿਸੇ ਹੋਰ ਮਨੁੱਖ ਨੂੰ ਭ੍ਰਿਸ਼ਟ ਕਰ ਦੇਣਾ ਸੀ ਅਤੇ ਇਹ ਸੋਚਣ ਦੇ ਲਈ ਮਜਬੂਰ ਕਰ ਦੇਣਾ ਸੀ ਕਿ ਉਹ ਪੋਟੀਫ਼ਰ ਦੀ ਤੀਵੀਂ ਦਾ ਫਾਇਦਾ ਉਠਾ ਸਕਦਾ ਹੈ, ਹਾਲਾਂਕਿ ਉਸ ਦੇ ਸਵਾਮੀ ਨੇ ਆਪਣੀ ਤੀਵੀਂ ਤੋਂ ਇਲਾਵਾ ਉਸ ਤੋਂ **ਕੁਝ ਵੀ ਰੋਕ ਕੇ ਨਹੀਂ ਸੀ ਰੱਖਿਆ**। ਅਜਿਹੇ ਬੁਰੇ ਕੰਮ ਦੇ ਵਿਰੁੱਧ ਯੂਸੁਫ਼ ਦੀ ਦਲੀਲ ਦੋ ਤਰ੍ਹਾਂ ਦੀ ਸੀ: ਇਹ **ਵੱਡੀ ਬੁਰਿਆਈ** ਹੋਵੇਗੀ ਕਿਉਂਕਿ ਇਹ ਉਸ ਦੇ ਸਵਾਮੀ ਦੇ ਭਰੋਸੇ ਨੂੰ ਤੋੜ ਦੇਵੇਗੀ ਅਤੇ ਇਹ **ਪਰਮੇਸ਼ੁਰ ਦੇ ਵਿਰੁੱਧ** ਪਾਪ ਹੋਵੇਗਾ।[7] ਜਦੋਂ ਯੂਸੁਫ਼ ਨੇ ਇਸ ਮਿਸਰੀ ਤੀਵੀਂ ਨਾਲ ਗੱਲ ਕੀਤੀ, ਉਸ ਨੇ ਪਰਮੇਸ਼ੁਰ ਦੇ ਲਈ ਨੇਮ ਦੇ "ਪਰਮੇਸ਼ੁਰ" (ਯਹੋਵਾਹ) ਸ਼ਬਦ ਦੀ ਬਜਾਇ ਜਿਸ ਦਾ ਉਸ ਗੈਰ-ਯਹੂਦੀ ਤੀਵੀਂ ਦੇ ਲਈ ਕੋਈ ਮਤਲਬ ਨਹੀਂ ਸੀ ਹੋਣਾ ਆਮ ਸ਼ਬਦ "ਪਰਮੇਸ਼ੁਰ" ਹੀ ਵਰਤਿਆ। ਇਨ੍ਹਾਂ ਸ਼ਬਦਾਂ ਵਿਚ ਵੀ, ਯੂਸੁਫ਼ ਦਾ ਉਸ ਦੇ ਭਰਮਾਉਣ ਅਤੇ ਅਜਮਾਉਣ ਵਾਲੇ ਪ੍ਰਸਤਾਵ ਨੂੰ ਠੁਕਰਾਉਣਾ ਸਾਫ਼ ਤੌਰ ਤੇ ਇਸ ਸਿਧਾਂਤ ਤੇ ਅਧਾਰਿਤ ਸੀ ਕਿ ਇਹ ਨੈਤਿਕ ਤੌਰ ਤੇ ਅਤੇ ਆਤਮਿਕ ਤੌਰ ਤੇ ਗਲਤ ਸੀ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪ੍ਰਾਚੀਨ ਮਿਸਰ ਦੇ ਬਦਚਲਣ ਗੈਰ-ਯਹੂਦੀ ਸੰਸਾਰ ਵਿਚ, ਉਸ ਦਾ ਸਾਹਮਣਾ ਅਜਿਹੇ ਜ਼ਮੀਰ ਵਾਲੇ ਗੁਲਾਮ ਨਾਲ ਕਦੇ ਨਹੀਂ ਸੀ ਹੋਇਆ।

**ਆਇਤ 10.** ਪੋਟੀਫ਼ਰ ਦੀ ਤੀਵੀਂ ਨੇ **ਨਿੱਤ ਦਿਹਾੜੇ** ਉਸ ਨੂੰ ਇਸ ਦੇ ਬਾਰੇ ਆਖ ਕੇ ਯੂਸੁਫ਼ ਦੀ ਨਾਂਹ ਨੂੰ ਹਾਂ ਵਿਚ ਬਦਲਣ ਦੀ ਕੋਸ਼ਿਸ਼ ਕੀਤੀ। (ਨਿਆਈਆਂ 14:17; 16:16, 17 ਵਿਚ ਸਮਸੂਨ ਦੇ ਨਾਲ ਦਲੀਲਾਹ ਦੀ ਜਿੱਦ ਨੂੰ ਵੇਖੋ।) ਉਸ ਦੇ ਚਰਿੱਤਰ ਦਾ ਬਲ ਇਸ ਗੱਲ ਵਿਚ ਜ਼ਾਹਰ ਹੋ ਜਾਂਦਾ ਹੈ ਕਿ **ਉਸ ਨੇ ਉਸ ਦੀ ਗੱਲ ਨਾ ਮੰਨੀ ਕਿ ਉਹ ਉਸ ਦੇ ਨਾਲ ਲੇਟੇ ਅਥਵਾ ਉਸ ਦੇ ਕੋਲ ਰਹੇ**। ਯੂਸੁਫ਼ ਉਸ ਨੂੰ ਕਿਸੇ ਵੀ ਤਰੀਕੇ ਨਾਲ ਛੇੜਖਾਨੀਆਂ ਦੇ ਲਈ ਉਤਸ਼ਾਹਿਤ ਨਹੀਂ ਸੀ ਕਰਨਾ ਚਾਹੁੰਦਾ ਅਤੇ ਨਾ ਹੀ ਇਹ ਗਲਤ ਪ੍ਰਭਾਵ ਛੱਡਣਾ ਚਾਹੁੰਦਾ ਸੀ ਕਿ ਜੇਕਰ ਕੋਈ ਘਰ ਆ ਗਿਆ ਅਤੇ ਕਿਸੇ ਨੇ ਉਨ੍ਹਾਂ ਨੂੰ ਇਕੱਠੇ ਗੱਲਬਾਤ ਕਰਦਿਆਂ ਵੇਖ ਲਿਆ ਤਾਂ ਕੀ ਹੋਵੇਗਾ। ਯੂਸੁਫ਼ ਨੇ "ਉਸ ਦੇ ਨਾਲ ਲੇਟਣ" ਤੋਂ ਇਨਕਾਰ ਕਰਕੇ ਉਨ੍ਹਾਂ ਦੋਹਾਂ ਵਿਚਕਾਰ ਇਕ ਰੱਖਿਆਤਮਕ ਹੱਦ ਖੜ੍ਹੀ ਕਰਨ ਦੀ ਸਮਝਦਾਰੀ ਵਰਤੀ ਸੀ।

**ਆਇਤਾਂ 11, 12.** ਮੁਸ਼ਕਲ ਇਹ ਸੀ ਕਿ ਉਹ ਉਸ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਨਹੀਂ ਸੀ ਕਰ ਸਕਦਾ। ਇਕ ਮੌਕੇ, **ਉਹ ਘਰ ਵਿੱਚ ਆਪਣਾ ਕੰਮ ਕਰਨ ਲਈ ਗਿਆ** ਜਦੋਂ ਘਰ ਦੇ ਮਨੁੱਖਾਂ ਵਿੱਚੋਂ ਕੋਈ ਉੱਥੇ ਘਰ ਵਿੱਚ ਨਹੀਂ ਸੀ। ਪੋਟੀਫ਼ਰ ਦੀ ਤੀਵੀਂ ਨੇ ਇਸ ਮੌਕੇ ਦਾ ਫਾਇਦਾ ਚੁੱਕਿਆ। ਇਸ ਵਾਰ, ਉਹ ਯੂਸੁਫ਼ ਨੂੰ ਨਾ ਸਿਰਫ ਉਸ ਦੇ ਨਾਲ ਸਰੀਰਕ ਸੰਬੰਧ ਬਣਾਉਣ ਦੇ ਲਈ ਸੱਦਾ ਦੇ ਰਹੀ ਸੀ; ਉਸ ਨੇ ਧੱਕੇ ਨਾਲ **ਉਸ ਦਾ ਕੱਪੜਾ ਫੜ ਕੇ** ਜ਼ਿੱਦ ਕਰਕੇ ਆਖਿਆ, **ਮੇਰੇ ਨਾਲ ਲੇਟ।** ਜਦੋਂ ਉਸ ਨੇ ਯੂਸੁਫ਼ ਦਾ ਕੱਪੜਾ ਫੜਿਆ, ਸ਼ਾਇਦ ਉਹ ਉਸ ਨੂੰ ਆਪਣੇ ਨਾਲ ਮੰਜੇ ਜਾਂ ਬਿਸਤਰ ਤੇ ਲਿਟਾਉਣ ਦੀ ਕੋਸ਼ਿਸ ਕਰ ਰਹੀ ਸੀ। ਪਰ, ਯੂਸੁਫ਼ ਕਿਸੇ ਨਾ ਕਿਸੇ ਤਰ੍ਹਾਂ ਉਸ ਕੋਲੋਂ ਛੁੱਟ ਕੇ ਬਾਹਰ ਭੱਜ ਗਿਆ। ਇਸ ਤਰ੍ਹਾਂ ਕਰਨ ਨਾਲ, **ਉਹ ਆਪਣਾ ਕੱਪੜਾ ਉਸ ਦੇ ਹੱਥ ਵਿੱਚ ਛੱਡ ਕੇ ਨੱਠਾ ਅਰ ਬਾਹਰ ਨਿੱਕਲਿਆ**। ਇੱਥੇ "ਕੱਪੜੇ" ਲਈ ਜਿਹੜਾ ਇਬਰਾਨੀ ਸ਼ਬਦ (בֶּגֶד, *ਬੈਗਡ)* ਵਰਤਿਆ ਗਿਆ ਹੈ ਉਹ ਇਕ ਆਮ ਸ਼ਬਦ ਹੈ ਜਿਹੜਾ ਵੱਖ-ਵੱਖ ਕਿਸਮ ਦੇ ਕੱਪੜੇ ਲਈ ਵਰਤਿਆ ਜਾ ਸਕਦਾ ਹੈ। ਕੁਝ ਅਨੁਵਾਦ ਦੱਸਦੇ ਹਨ ਕਿ ਇਹ ਯੂਸੁਫ਼ ਦਾ ਬਾਹਰਲਾ ਕੱਪੜਾ ਜਾਂ "ਕੁੜਤਾ" ਸੀ (NEB; NIV; NLT)। ਜੇਕਰ ਉਸ ਨੇ ਕੁੜਤਾ ਪਹਿਨਿਆ ਹੋਇਆ

ਸੀ, ਤਾਂ ਪੋਟੀਫ਼ਰ ਦੀ ਤੀਵੀਂ ਦੇ ਲਈ ਇਹ ਉਸ ਦੇ ਕੋਲੋਂ ਖੋਹਣਾ ਸਭ ਤੋਂ ਸੌਖਾ ਰਿਹਾ ਹੋਵੇਗਾ।

**ਆਇਤ 13.** ਯੂਸੁਫ਼ ਦੇ ਛੇਤੀ ਨਾਲ ਉਸ ਘਰ ਵਿੱਚੋਂ ਬਾਹਰ ਨਿੱਕਲਣ ਨੇ ਉਸ ਤੀਵੀਂ ਨਾਲ ਸਹਿਮਤੀ ਨੂੰ ਦਰਸਾਉਣਾ ਸੀ ਜੇਕਰ ਉਹ ਉਸ ਦੇ ਬਾਹਰ ਨਿੱਕਲਦਿਆਂ ਉਸ ਦਾ ਕੱਪੜਾ ਫੜ ਲੈਂਦੀ ਅਤੇ ਉਸੇ ਵੇਲੇ ਹੋਰਨਾਂ ਗੁਲਾਮਾਂ ਨੂੰ ਉਹ ਦੱਸ ਦਿੰਦੀ ਜੋ ਉਨ੍ਹਾਂ ਵਿਚ ਹੋਇਆ ਸੀ। ਪਰ, ਉਸ ਦੇ ਕੋਲੋਂ ਬਚਣ ਦੇ ਲਈ ਜ਼ਿਆਦਾ ਸੋਚ ਵਿਚਾਰ ਕੀਤੇ ਬਿਨਾਂ, **ਉਹ ਆਪਣਾ ਕੱਪੜਾ ਉਸ ਦੇ ਹੱਥ ਵਿੱਚ ਛੱਡਕੇ ਬਾਹਰ ਨੂੰ ਨੱਠ ਗਿਆ**। ਯੂਸੁਫ਼ ਦੇ ਹੱਥ ਵਿੱਚ ਇੱਕੋ ਚੀਜ਼ ਸੀ ਉਹ ਉਸ ਸਥਿਤੀ ਵਿੱਚੋਂ ਬਾਹਰ ਨਿੱਕਲਣਾ ਚਾਹੁੰਦਾ ਸੀ। ਉਸ ਦਾ ਮੰਨਣਾ ਸੀ ਕਿ ਇਹੋ ਉਸ ਦੇ ਛੇਤੀ ਨਾਲ ਕਾਰਵਾਈ ਕਰਨ ਦਾ ਸਮਾਂ ਸੀ।

**ਆਇਤਾਂ 14, 15.** ਫਿਰ ਉਸ ਨੇ ਘਟਨਾਵਾਂ ਦੇ ਆਪਣੇ ਬਿਰਤਾਂਤ ਦੇ ਸਬੂਤ ਵਜੋਂ ਉਸ ਕੱਪੜੇ ਨੂੰ ਯੂਸੁਫ਼ ਦੇ ਵਿਰੁੱਧ ਇਸਤੇਮਾਲ ਕੀਤਾ।[8] ਉਸ ਨੇ ਇਸ ਮੌਕੇ ਦਾ ਫਾਇਦਾ ਉਠਾਇਆ ਅਤੇ **ਘਰ ਦੇ ਮਨੁੱਖਾਂ** ਸਾਹਮਣੇ ਯੂਸੁਫ਼ ਉੱਤੇ ਇਲਜ਼ਾਮ ਲਗਾਇਆ। ਇਹ ਇਲਜ਼ਾਮ ਪਹਿਲਾਂ ਉਸ ਨੇ ਆਪਣੇ ਪਤੀ ਪੋਟੀਫ਼ਰ ਦੇ ਅੱਗੇ ਲਗਾਇਆ ਜਦੋਂ ਉਸ ਨੇ ਆਖਿਆ, **ਵੇਖੋ ਉਹ ਇੱਕ ਇਬਰਾਨੀ ਨੂੰ ਸਾਡੇ ਕੋਲ ਲੈ ਆਇਆ ਹੈ ਜਿਹੜਾ ਸਾਨੂੰ ਠੱਠੇ ਕਰੇ।** "ਠੱਠੇ ਕਰਨਾ" (צָחַק, *ਸਚਾਕ)* ਸ਼ਬਦ ਦਾ ਅਰਥ ਹੈ "ਕਿਸੇ ਨੂੰ ਮੂਰਖ ਬਣਾਉਣਾ" (NJB); KJV ਬਾਈਬਲ ਵਿਚ "ਮਜ਼ਾਕ ਉਡਾਉਣਾ" ਹੈ ਅਤੇ NRSV ਬਾਈਬਲ ਵਿਚ ਇਸ ਦਾ ਅਰਥ ਹੈ "ਬੇਇੱਜ਼ਤੀ ਕਰਨਾ" (21:9; 26:8 ਤੇ ਟਿੱਪਣੀਆਂ ਵੇਖੋ)। ਪੋਟੀਫ਼ਰ ਦੀ ਤੀਵੀਂ ਬੇਸ਼ਰਮ ਅਤੇ ਪੁੱਜ ਕੇ ਖਰਾਬ ਔਰਤ ਸੀ ਅਤੇ ਉਸ ਨੇ ਯੂਸੁਫ਼ ਦੇ ਵਿਰੁੱਧ ਬਲਾਤਕਾਰ ਕਰਨ ਦੀ ਕੋਸ਼ਿਸ਼ ਦੇ ਇਲਜ਼ਾਮ ਦੀ ਜ਼ਿੰਮੇਵਾਰੀ ਆਪਣੇ ਪਤੀ ਨੂੰ ਸੌਂਪ ਕੇ ਆਪਣੇ ਆਪ ਨੂੰ ਇਸ ਗੱਲ ਤੋਂ ਬਰੀ ਕਰਨਾ ਚਾਹਿਆ। ਉਸ ਨੇ ਬਾਕੀ ਦੇ ਟੱਬਰ ("ਸਾਨੂੰ") ਦੇ ਉਲਟ ਯੂਸੁਫ਼ ਦਾ "ਇਕ ਇਬਰਾਨੀ" ਵਜੋਂ ਹਵਾਲਾ ਦੇ ਕੇ ਘਰ ਵਿਚ ਸਾਰੇ ਗੁਲਾਮਾਂ ਨੂੰ ਉਸ ਦੇ ਵਿਰੁੱਧ ਮੋੜਨ ਦੀ ਕੋਸ਼ਿਸ਼ ਵਿਚ ਮਿਸਰੀ ਯਹੂਦੀ ਅਸਿਹਣਸ਼ੀਲਤਾ ਦੀ ਵਰਤੋਂ ਕੀਤੀ।

ਯੂਸੁਫ਼ ਦੇ ਵਿਰੁੱਧ ਉਸ ਦਾ ਇਲਜ਼ਾਮ ਇਹ ਸੀ: **ਉਹ ਮੇਰੇ ਕੋਲ ਅੰਦਰ ਆਇਆ ਤਾਂਜੋ ਉਹ ਮੇਰੇ ਨਾਲ ਲੇਟੇ** [ਮੇਰੇ ਨਾਲ ਜ਼ਬਰਦਸਤੀ ਕਰੇ]। ਉਸ ਨੇ ਦਾਅਵਾ ਕੀਤਾ ਕਿ ਜਦੋਂ ਮੈਂ ਪੁਰਜ਼ੋਰ ਕੋਸ਼ਿਸ਼ ਨਾਲ ਉਸ ਦਾ ਵਿਰੋਧ ਕੀਤਾ ਅਤੇ **ਉੱਚੀ ਦੇਕੇ ਅਵਾਜ਼ ਉਠਾਈ ਤਾਂ ਉਹ ਆਪਣਾ ਕੱਪੜਾ ਮੇਰੇ ਕੋਲ ਛੱਡਕੇ ਬਾਹਰ ਨੂੰ ਨੱਠ ਗਿਆ**। ਉਸ ਦਾ ਇਸ ਗੱਲ ਤੇ ਜ਼ੋਰ ਦੇਣਾ ਕਿ ਉਸ ਨੇ "ਉੱਚੀ ਦੇਕੇ ਅਵਾਜ਼ ਉਠਾਈ" ਇਸ ਗੱਲ ਵੱਲ ਇਸ਼ਾਰਾ ਕਰਦਾ ਸੀ ਕਿ ਉਸ ਨੇ ਯੂਸੁਫ਼ ਦਾ ਵਿਰੋਧ ਕੀਤਾ ਸੀ। ਇਸ ਗੱਲ ਨੇ ਉਸ ਨੂੰ ਆਪਣੇ ਦੋਸ਼ ਤੋਂ ਮੁਕਤ ਕਰ ਦਿੱਤਾ।[9]

**ਆਇਤ 16.** ਲਿਖਤ ਇਹ ਨਹੀਂ ਦੱਸਦੀ ਕਿ ਪੋਟੀਫ਼ਰ ਦੇ ਘਰ ਵਾਪਸ ਆਉਣ ਤੋਂ ਪਹਿਲਾਂ ਕਿੰਨਾ ਸਮਾਂ ਬੀਤ ਗਿਆ ਸੀ, ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਸ ਦੀ ਤੀਵੀਂ ਉਸ ਨੂੰ ਆਪਣੀ ਕਹਾਣੀ ਬਹੁਤ ਹੀ ਨਾਟਕੀ ਢੰਗ ਨਾਲ ਦੱਸਣਾ ਚਾਹੁੰਦੀ ਸੀ। ਆਪਣੇ ਉਦੇਸ਼ ਵਿਚ ਕਾਮਯਾਬ ਹੋਣ ਦੇ ਲਈ, **ਉਸ ਨੇ ਆਪਣੇ ਸਵਾਮੀ** [ਪਤੀ] **ਦੇ ਘਰ ਆਉਣ ਤੀਕ ਉਸ** [ਯੂਸੁਫ਼] **ਦਾ ਕੱਪੜਾ ਆਪਣੇ ਕੋਲ ਰੱਖ ਛੱਡਿਆ**।

**ਆਇਤਾਂ 17, 18.** ਫਿਰ ਉਸ ਨੇ ਉਹੀ ਕਹਾਣੀ ਦੁਹਰਾਈ ਜੋ ਉਸ ਨੇ ਆਪਣੇ ਘਰ ਦੇ ਮਨੁੱਖਾਂ ਨੂੰ ਸੁਣਾਈ ਸੀ (39:14, 15)। ਉਸ ਨੇ ਇਸ ਯੌਨ ਹਮਲੇ ਦੇ ਲਈ ਆਪਣੇ ਪਤੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਸ ਤੇ ਇਹ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ ਕਿ ਮੇਰਾ ਪਤੀ ਹੀ

**ਇਬਰਾਨੀ ਗੁਲਾਮ** ਨੂੰ ਸਾਡੇ ਕੋਲ ਲੈ ਕੇ ਆਇਆ ਹੈ ਅਤੇ ਉਸ ਨੂੰ ਘਰ ਦਾ ਸਾਰਾ ਇਖ਼ਤਿਆਰ ਦਿੱਤਾ ਹੈ। ਫਿਰ ਉਸ ਨੇ ਯੂਸੁਫ਼ ਤੇ ਇਸ ਗੱਲ ਦਾ ਦੋਸ਼ ਲਾਇਆ ਕਿ ਉਸ ਨੇ **ਮੈਨੂੰ ਠੱਠੇ ਕਰਨ** ਦੀ ਕੋਸ਼ਿਸ ਕਰਕੇ (ਬਲਾਤਕਾਰ ਕਰਨ ਦੀ ਕੋਸ਼ਿਸ਼ ਕਰਕੇ) ਆਪਣੇ ਅਹੁਦੇ ਦਾ ਗਲਤ ਦਾ ਇਸਤੇਮਾਲ ਕੀਤਾ ਹੈ। ਪਰ, ਉਸ ਨੇ ਇਹ ਜ਼ੋਰ ਦਿੱਤਾ ਕਿ ਮੈਂ ਉਸ ਦਾ ਵਿਰੋਧ ਕਰਕੇ ਉਸ ਦੇ ਇਸ ਹਮਲੇ ਤੋਂ ਆਪਣੇ ਆਪ ਨੂੰ ਬਚਾਇਆ ਸੀ ਜਦੋਂ ਮੈਂ **ਉੱਚੀ ਦੇਕੇ ਅਵਾਜ਼ ਉਠਾਈ ਤਾਂ ਉਹ ਆਪਣਾ ਕੱਪੜਾ ਮੇਰੇ ਕੋਲ ਛੱਡਕੇ ਬਾਹਰ ਨੂੰ ਨੱਠ ਗਿਆ**।

## ਝੂਠੇ ਇਲਜ਼ਾਮ ਕਾਰਣ ਯੂਸੁਫ਼ ਦਾ ਕੈਦਖਾਨੇ ਵਿੱਚ ਪੈਣਾ (39:19-23)

**[19]ਫੇਰ ਐਉਂ ਹੋਇਆ ਕਿ ਜਦ ਉਸ ਦੇ ਸਵਾਮੀ ਨੇ ਆਪਣੀ ਤੀਵੀਂ ਦੀਆਂ ਗੱਲਾਂ ਸੁਣੀਆਂ**
**ਜਿਹੜੀ ਏਹ ਬੋਲੀ ਕਿ ਤੇਰੇ ਗੁਲਾਮ ਨੇ ਮੇਰੇ ਨਾਲ ਐਉਂ ਐਉਂ ਕੀਤਾ ਤਾਂ ਉਸ ਦਾ ਕਰੋਧ ਭੜਕ**
**ਉੱਠਿਆ। [20]ਉਪਰੰਤ ਯੂਸੁਫ਼ ਦੇ ਸਵਾਮੀ ਨੇ ਉਸ ਨੂੰ ਲੈਕੇ ਉਸ ਕੈਦ ਵਿੱਚ ਪਾ ਦਿੱਤਾ ਜਿੱਥੇ ਸ਼ਾਹੀ**
**ਕੈਦੀ ਸਨ ਅਰ ਉਹ ਉੱਥੇ ਕੈਦ ਵਿੱਚ ਰਿਹਾ। [21]ਪਰ ਯਹੋਵਾਹ ਯੂਸੁਫ਼ ਦੇ ਸੰਗ ਸੀ ਅਰ ਉਸ ਨੇ**
**ਉਸ ਉੱਤੇ ਕਿਰਪਾ ਕੀਤੀ ਅਰ ਉਸ ਨੇ ਕੈਦਖਾਨੇ ਦੇ ਦਰੋਗ਼ੇ ਦੀਆਂ ਅੱਖਾਂ ਵਿੱਚ ਦਯਾ ਪਾਈ।**
**[22]ਅਰ ਦਰੋਗ਼ੇ ਨੇ ਸਾਰੇ ਕੈਦੀਆਂ ਨੂੰ ਜਿਹੜੇ ਉਸ ਕੈਦ ਵਿੱਚ ਸਨ ਯੂਸੁਫ਼ ਦੇ ਹੱਥ ਵਿੱਚ ਦੇ ਦਿੱਤਾ**
**ਅਰ ਜਿਹੜਾ ਕੰਮ ਉੱਥੇ ਕੀਤਾ ਜਾਂਦਾ ਸੀ ਉਹੋ ਚਲਾਉਂਦਾ ਸੀ। [23]ਅਤੇ ਕੈਦਖਾਨੇ ਦਾ ਦਰੋਗ਼ਾ**
**ਕਿਸੇ ਚੀਜ਼ ਦੀ ਜਿਹੜੀ ਉਸ ਦੇ ਹੱਥ ਵਿੱਚ ਸੀ ਸੁਰਤ ਨਹੀਂ ਲੈਂਦਾ ਸੀ ਏਸ ਲਈ ਭਈ ਯਹੋਵਾਹ**
**ਉਹ ਦੇ ਸੰਗ ਸੀ ਅਰ ਜੋ ਕੁਝ ਉਹ ਕਰਦਾ ਸੀ ਯਹੋਵਾਹ ਉਸ ਨੂੰ ਸੁਫਲ ਬਣਾ ਦਿੰਦਾ ਸੀ।**

**ਆਇਤਾਂ 19, 20.** ਪੋਟੀਫ਼ਰ ਦੀ **ਤੀਵੀਂ** ਨੇ ਜੋ ਗੱਲਾਂ ਦੱਸੀਆਂ ਸਨ ਉਨ੍ਹਾਂ ਦਾ ਅਸਰ ਉਹੀ ਹੋਇਆ ਜੋ ਉਹ ਚਾਹੁੰਦੀ ਸੀ। ਜਦੋਂ ਪੋਟੀਫ਼ਰ ਨੇ ਆਪਣੀ ਤੀਵੀਂ ਦੀਆਂ ਗੱਲਾਂ **ਸੁਣੀਆਂ** ਜਿਹੜੀ ਏਹ ਬੋਲੀ ਕਿ **ਤੇਰੇ ਗੁਲਾਮ ਨੇ ਮੇਰੇ ਨਾਲ ਐਉਂ ਐਉਂ ਕੀਤਾ**, ਯੂਸੁਫ਼ ਦੇ ਵਿਰੁੱਧ **ਉਸ ਦਾ ਕਰੋਧ ਭੜਕ ਉੱਠਿਆ**। ਉਸ ਨੇ **ਉਸ ਨੂੰ ਲੈਕੇ ਉਸ ਕੈਦ ਵਿੱਚ ਪਾ ਦਿੱਤਾ ਜਿੱਥੇ ਸ਼ਾਹੀ ਕੈਦੀ ਸਨ ਅਰ ਉਹ ਉੱਥੇ ਕੈਦ ਵਿੱਚ ਰਿਹਾ** ਜਾਂ "ਜੇਲ" ਵਿਚ ਰਿਹਾ (NIV; NRSV)। ਇਬਰਾਨੀ ਲਿਖਤ ਸ਼ਾਬਦਿਕ ਤੌਰ ਤੇ ਇਸ ਥਾਂ ਨੂੰ "ਗੋਲ ਘਰ" (בֵּית הַסֹּהַר, *ਬਿਥ ਹੱਸੋਹਾਰ)* ਕਹਿੰਦੀ ਹੈ, ਪਰ ਇਸ ਸ਼ਬਦ ਦਾ ਸਹੀ ਅਰਥ ਕੀ ਹੈ ਇਹ ਨਹੀਂ ਪਤਾ। NEB ਬਾਈਬਲ ਦੱਸਦੀ ਹੈ ਕਿ ਕੈਦਖਾਨਾ ਇਕ "ਗੋਲ ਬੁਰਜ" ਸੀ। ਇਕ ਹੋਰ ਸੰਭਾਵਨਾ ਇਹ ਹੈ ਕਿ ਇਹ ਵਰਣਨ "ਭੋਰੇ" ਤੋਂ ਲਿਆ ਗਿਆ ਹੈ ਜਿਸ ਦੇ ਵਿਚ ਇਕ ਵੱਡਾ, ਗੋਲ ਟੋਆ ਸੀ (40:15 ਤੇ ਟਿੱਪਣੀਆਂ ਵੇਖੋ)।

ਇਸ ਬਿਰਤਾਂਤ ਦੀ ਸੰਖੇਪਤਾ ਉਲਝਣ ਵਾਲੀ ਹੈ ਕਿਉਂਕਿ ਇਹ ਬਹੁਤ ਸਾਰੇ ਸਵਾਲਾਂ ਨੂੰ ਬਿਨਾਂ ਉੱਤਰ ਦਿੱਤੇ ਛੱਡ ਜਾਂਦੀ ਹੈ। ਸਭ ਤੋਂ ਪਹਿਲਾ ਸਵਾਲ, ਕਿਉਂਕਿ ਲਿਖਤ ਪੋਟੀਫ਼ਰ ਦੀ ਤੀਵੀਂ ਦੇ ਝੂਠੇ ਇਲਜ਼ਾਮਾਂ ਵਿਰੁੱਧ ਯੂਸੁਫ਼ ਦੇ ਬਚਾਅ ਬਾਰੇ ਕੁਝ ਨਹੀਂ ਕਹਿੰਦੀ, ਕੀ ਇਹ ਸੰਭਵ ਹੈ ਕਿ ਉਹ ਆਪਣਾ ਕੋਈ ਬਚਾਅ ਨਹੀਂ ਕਰ ਸਕਿਆ? ਦੂਜਾ ਸਵਾਲ, ਜੇਕਰ ਯੂਸੁਫ਼ ਉਸ ਦੇ ਇਲਜ਼ਾਮਾਂ ਵਿਰੁੱਧ ਆਪਣੇ ਆਪ ਦਾ ਬਚਾਅ ਕਰਨ ਵਿਚ ਸਮਰੱਥ ਸੀ, ਤਾਂ ਉਹ ਆਪਣੇ ਸਵਾਮੀ ਨੂੰ ਯਕੀਨ ਦਿਵਾਉਣ ਵਿਚ ਕਿਵੇਂ ਅਸਮਰੱਥ ਸੀ, ਜਿਸ ਨੇ ਫਿਰ ਉਸ ਨੂੰ ਦੋਸ਼ੀ ਠਹਿਰਾ ਕੇ ਕੈਦਖਾਨੇ ਵਿਚ ਸੁੱਟ ਦਿੱਤਾ? ਤੀਜਾ ਸਵਾਲ, ਜੇਕਰ ਪੋਟੀਫ਼ਰ ਨੂੰ ਇਸ ਗੱਲ ਦਾ ਯਕੀਨ ਹੋ ਗਿਆ ਸੀ ਕਿ ਯੂਸੁਫ਼ ਉਸ ਦੀ ਤੀਵੀਂ ਦਾ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ੀ ਸੀ, ਉਸ ਨੇ ਉਸ ਨੂੰ ਫਾਂਸੀ ਦੇਣ ਦਾ ਹੁਕਮ ਕਿਉਂ ਨਹੀਂ ਦਿੱਤਾ, ਕਿਉਂਕਿ ਉਸ ਸਮੇਂ ਪ੍ਰਾਚੀਨ

ਮਸੋਪੋਤਾਮੀਆ ਵਿਚ ਇਸ ਕਿਸਮ ਦੇ ਜੁਰਮ ਦੀ ਆਮ ਤੌਰ ਤੇ ਇਹੋ ਸਜ਼ਾ ਹੁੰਦੀ ਸੀ?

ਬਿਰਤਾਂਤ ਇਨ੍ਹਾਂ ਸਵਾਲਾਂ ਦੇ ਸਾਫ਼ ਉੱਤਰ ਨਹੀਂ ਦਿੰਦਾ; ਪਰ ਪੋਟੀਫ਼ਰ ਨੂੰ ਸ਼ੱਕ ਹੋਵੇਗਾ ਕਿ ਉਸ ਨੂੰ ਜੋ ਦੱਸਿਆ ਗਿਆ ਸੀ ਉਸ ਤੋਂ ਇਲਾਵਾ ਕਹਾਣੀ ਕੁਝ ਹੋਰ ਸੀ। ਕੀ ਉਸ ਦੇ ਕੋਲ ਇਹ ਮੰਨਣ ਦਾ ਕੋਈ ਕਾਰਣ ਹੈਗਾ ਸੀ ਕਿ ਉਸ ਦੀ ਤੀਵੀਂ ਉਸ ਬਾਰੇ ਝੂਠ ਬੋਲ ਰਹੀ ਸੀ ਜੋ ਅਸਲ ਵਿਚ ਉਨ੍ਹਾਂ ਦੋਹਾਂ ਦੇ ਵਿਚਕਾਰ ਹੋਇਆ ਸੀ? ਕੀ ਉਹ ਇਸ ਸੋਹਣੇ ਸੁਨੱਖੇ ਇਬਰਾਨੀ ਨੌਜਵਾਨ ਵਰਗੇ ਹੋਰਨਾਂ ਮਨੁੱਖਾਂ ਨਾਲ ਵੀ ਪਹਿਲਾਂ ਇਸ ਤਰਾਂ ਦਾ ਕੁਝ ਕਰ ਚੁੱਕੀ ਸੀ? ਨਿਸ਼ਚਤ ਤੌਰ ਤੇ ਪੋਟੀਫ਼ਰ ਦੁਬਿਧਾ ਵਿਚ ਪਿਆ ਹੋਇਆ ਸੀ। ਜੇਕਰ ਉਹ ਆਪਣੀ ਤੀਵੀਂ ਦੀ ਗੱਲ ਮੰਨਦਾ, ਤਾਂ ਉਸ ਨੂੰ ਇਸ ਨੌਜਵਾਨ ਗੁਲਾਮ ਨੂੰ ਫਾਂਸੀ ਦੇਣੀ ਪੈਣੀ ਸੀ। ਜੇਕਰ ਉਹ ਯੂਸੁਫ਼ ਦੀ ਗੱਲ ਮੰਨਦਾ ਅਤੇ ਉਸ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੰਦਾ, ਤਾਂ ਉਸ ਦੇ ਸ਼ਾਦੀਸ਼ੁਦਾ ਜੀਵਨ ਵਿਚ ਖੱਲਰ ਪੈ ਜਾਣਾ ਸੀ। ਪੋਟੀਫ਼ਰ ਨੇ ਵਿਚਕਾਰਲਾ ਰਸਤਾ ਚੁਣਿਆ: ਕਿਉਂਕਿ ਯੂਸੁਫ਼ ਦੇ ਵਿਰੁੱਧ ਜੋ ਸਬੂਤ ਪੇਸ਼ ਕੀਤੇ ਗਏ ਪੁਖਤਾ ਨਹੀਂ ਸਨ, ਨਾਲੇ ਉਸ ਨੂੰ ਆਪਣੀ ਤੀਵੀਂ ਦੀਆਂ ਹਰਕਤਾਂ ਬਾਰੇ ਵੀ ਸ਼ੱਕ ਸੀ, ਉਸ ਨੇ ਇਸ ਇਬਰਾਨੀ ਮੁੰਡੇ ਨੂੰ ਮੌਤ ਦੀ ਸਜ਼ਾ ਦੇਣ ਦੀ ਬਜਾਇ ਕੈਦਖਾਨੇ ਵਿਚ ਸੁੱਟ ਦਿੱਤਾ।

**ਆਇਤ 21.** ਇਸ ਅਧਿਆਇ ਦਾ ਦੂਜਾ ਮੁੱਖ ਹਿੱਸਾ ਵੀ ਪਹਿਲੇ ਹਿੱਸੇ ਦੀ ਤਰ੍ਹਾਂ ਹੀ ਸ਼ੁਰੂ ਹੁੰਦਾ ਹੈ: **ਯਹੋਵਾਹ ਯੂਸੁਫ਼ ਦੇ ਸੰਗ ਸੀ** (ਵੇਖੋ 39:2)। ਇਹ ਗੱਲ ਯੂਸੁਫ਼ ਦੇ ਜੀਵਨ ਵਿਚ ਕੰਮ ਕਰ ਰਹੇ ਪਰਮੇਸ਼ੁਰ ਦੇ ਦੈਵੀ ਪ੍ਰਬੰਧ ਦੀ ਪੁਸ਼ਟੀ ਕਰਦੀ ਹੈ। ਹਾਲਾਂਕਿ ਪਰਮੇਸ਼ੁਰ ਨੇ ਯੂਸੁਫ਼ ਨੂੰ ਕਠਿਨ ਅਜ਼ਮਾਇਸ਼ਾਂ ਦੇ ਵਿੱਚੋਂ ਦੀ ਗੁਜਰਣ ਤੋਂ ਨਹੀਂ ਰੋਕਿਆ, ਉਸ ਨੇ ਉਨ੍ਹਾਂ ਦੇ ਵਿਚ ਉਸ ਨੂੰ ਸੰਭਾਲ ਕੇ ਰੱਖਿਆ। ਲਿਖਤ ਇਹ ਵੀ ਕਹਿੰਦੀ ਹੈ ਕਿ ਪਰਮੇਸ਼ੁਰ ਨੇ ਯੂਸੁਫ਼ ਉੱਤੇ **ਕਿਰਪਾ** [חֶסֶד, *ਚੀਸਡ]* **ਕੀਤੀ**। NRSV ਬਾਈਬਲ ਵਿਚ ਇਸ ਬਰਕਤ ਦਾ ਵਰਣਨ "ਦ੍ਰਿੜ੍ਹ ਪ੍ਰੇਮ" ਵਜੋਂ ਜਦ ਕਿ KJV ਬਾਈਬਲ ਵਿਚ "ਦਯਾ" ਵਜੋਂ ਕੀਤਾ ਗਿਆ ਹੈ। ਅਜਿਹੀ ਧਾਰਣਾ ਉਨ੍ਹਾਂ ਹਾਲਾਤਾਂ ਦੇ ਉਲਟ ਜਾਪ ਸਕਦੀ ਹੈ ਜਿਨ੍ਹਾਂ ਦਾ ਯੂਸੁਫ਼ ਸਾਹਮਣਾ ਕਰ ਰਿਹਾ ਸੀ। ਇਕ ਗੁਲਾਮ ਅਤੇ ਵਿਸ਼ਵਾਸ ਪਾਤਰ ਹੁੰਦੇ ਹੋਏ, ਉਸ ਨੂੰ ਉਸ ਦੇ ਸਵਾਮੀ ਦੁਆਰਾ ਨਾਜਾਇਜ਼ ਦੋਸ਼ੀ ਠਹਿਰਾ ਕੇ ਕੈਦਖਾਨੇ ਵਿਚ ਸੁੱਟ ਦਿੱਤਾ ਗਿਆ। ਪਰ, ਪਰਮੇਸ਼ੁਰ ਨੇ **ਕੈਦਖਾਨੇ ਦੇ ਦਰੋਗ਼ੇ ਦੀਆਂ ਅੱਖਾਂ ਵਿੱਚ ਦਯਾ** [חֵן, *ਚੇਨ]* **ਪਾਈ**। ਸਾਨੂੰ ਇਹ ਨਹੀਂ ਦੱਸਿਆ ਗਿਆ ਕਿ ਪਰਮੇਸ਼ੁਰ ਨੇ ਇਹ ਕਿਵੇਂ ਕੀਤਾ, ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਯੂਸੁਫ਼ ਨੇ ਵਿਖਾਇਆ ਕਿ ਉਹ ਦਰੋਗ਼ੇ ਦੇ ਹੁਕਮਾਂ ਦਾ ਆਗਿਆਕਾਰੀ ਨਾਲ ਪਾਲਣ ਕਰਕੇ ਇਕ ਜ਼ਿੰਮੇਵਾਰ ਕੈਦੀ ਬਣ ਸਕਦਾ ਸੀ।

**ਆਇਤ 22.** ਇਕ ਵਾਰ ਫੇਰ, ਯੂਸੁਫ਼ ਦੀ ਮਿਹਨਤ ਅਤੇ ਭਰੋਸੇਯੋਗਤਾ ਵਾਲੇ ਚੰਗੇ ਗੁਣ ਇਸ ਕਦਰ ਜ਼ਾਹਰ ਸਨ ਕਿ ਉਸ ਨੂੰ ਉਸ ਦੀ ਇਸ ਹਾਲਤ ਵਿਚ ਵੀ ਸੰਭਵ ਤੌਰ ਤੇ ਸਭ ਤੋਂ ਉੱਚੀ ਪਦਵੀ ਮਿਲੀ। **ਦਰੋਗ਼ੇ ਨੇ ਸਾਰੇ ਕੈਦੀਆਂ ਨੂੰ ਜਿਹੜੇ ਉਸ ਕੈਦ ਵਿੱਚ ਸਨ ਯੂਸੁਫ਼ ਦੇ ਹੱਥ ਵਿੱਚ ਦੇ ਦਿੱਤਾ ਅਰ ਜਿਹੜਾ ਕੰਮ ਉੱਥੇ ਕੀਤਾ ਜਾਂਦਾ ਸੀ ਉਹੋ** [ਯੂਸੁਫ਼] **ਚਲਾਉਂਦਾ ਸੀ।** ਸੁਭਾਵਕ ਤੌਰ ਤੇ, ਇਸ ਨਾਲ ਦਰੋਗ਼ੇ ਨੂੰ ਭਾਰੀ ਜ਼ਿੰਮੇਵਾਰੀ ਅਤੇ ਸਮਾਂ ਬਰਬਾਦ ਕਰਨ ਵਾਲੇ ਬੋਝ ਤੋਂ ਰਾਹਤ ਮਿਲ ਗਈ।

**ਆਇਤ 23.** ਨਿਹਚਾ ਦੀਆਂ ਨਜ਼ਰਾਂ ਨਾਲ, ਅਸੀਂ ਯੂਸੁਫ਼ ਦੇ ਜੀਵਨ ਵਿਚ ਪਰਮੇਸ਼ੁਰ ਨੂੰ ਪਰਦੇ ਦੇ ਪਿੱਛੇ ਕੰਮ ਕਰਦਿਆਂ ਵੇਖ ਸਕਦੇ ਹਾਂ। ਉਸ ਦੇ ਕੋਲ ਅਤੇ ਉਸ ਦੇ ਆਲੇ-ਦੁਆਲੇ ਦੇ ਲੋਕਾਂ ਕੋਲ ਬਰਕਤਾਂ ਹੀ ਬਰਕਤਾਂ ਹੋ ਗਈਆਂ **ਏਸ ਲਈ ਭਈ ਯਹੋਵਾਹ ਉਹ** [ਯੂਸੁਫ਼] **ਦੇ ਸੰਗ**

**ਸੀ** (39:2, 3, 21)। **ਜੋ ਕੁਝ** ਉਹ ਕਰਦਾ ਸੀ **ਯਹੋਵਾਹ ਉਸ ਨੂੰ ਸੁਫਲ ਬਣਾ ਦਿੰਦਾ ਸੀ**।

# ਪ੍ਰਾਸੰਗਿਕਤਾ

### ਜੱਦੋ-ਜਹਿਦ ਵਿਚ ਨਿਹਚਾ (ਅਧਿਆਇ 39)

ਇਬਰਾਨੀਆਂ ਦੇ ਲੇਖਕ ਨੇ ਆਖਿਆ, "ਹੁਣ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਬੂਤੀ ਹੈ। ਅਤੇ ਇਸੇ ਵਿਖੇ ਬਜ਼ੁਰਗਾਂ ਦੇ ਲਈ ਸਾਖੀ ਦਿੱਤੀ ਗਈ" (ਇਬਰਾਨੀਆਂ 11:1, 2)। ਨਿਹਚਾ ਦੇ ਰਾਹੀਂ, ਯੂਸੁਫ਼ ਨੂੰ ਪਰਮੇਸ਼ੁਰ ਦੀ ਪ੍ਰਵਾਨਗੀ ਮਿਲੀ।

*ਨਿਰਾਸ਼ਾ ਦੀ ਬਜਾਇ ਨਿਹਚਾ।* ਯੂਸੁਫ਼ ਨੇ ਮਿਸਰੀ ਗੁਲਾਮੀ ਦੇ ਆਪਣੇ ਅਨਿਸ਼ਚਤ ਭਵਿੱਖ ਵਿਚ ਨਿਰਾਸ਼ਾ ਦੀ ਬਜਾਇ ਨਿਹਚਾ ਨੂੰ ਚੁਣਿਆ। ਧਨੀ ਅਤੇ ਸ਼ਕਤੀਸ਼ਾਲੀ ਅਯਾਲੀ ਜਿਸ ਦੇ ਬਹੁਤ ਸਾਰੇ ਨੌਕਰ ਸਨ ਲਾਡਲਾ ਪੁੱਤਰ ਹੋਣ ਦੇ ਨਾਤੇ, ਯੂਸੁਫ਼ ਨੇ ਬਹੁਤ ਹੀ ਸੁਖੀ ਜੀਵਨ ਬਤੀਤ ਕੀਤਾ ਸੀ। ਉਸ ਨੂੰ ਕੁਝ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਸਨ ਅਤੇ ਇੰਜ ਲੱਗਦਾ ਹੈ ਕਿ ਉਸ ਦੇ ਸਾਹਮਣੇ ਇਕ ਉਜਵਲ ਭਵਿੱਖ ਉਸ ਦੀ ਉਡੀਕ ਕਰ ਰਿਹਾ ਸੀ। ਪਰ, ਉਸ ਦੇ ਭਰਾ ਉਸ ਦੇ ਇਸ ਚੰਗੇ ਰੁਤਬੇ (ਜਿਸ ਦਾ ਸੰਕੇਤ ਉਸ ਦੇ ਖ਼ਾਸ ਚੋਲੇ ਤੋਂ ਮਿਲਦਾ ਸੀ) ਜਾਂ ਉਸ ਦੇ ਵੱਡੇ-ਵੱਡੇ ਸੁਫਨਿਆਂ ਨੂੰ ਬਰਦਾਸ਼ਤ ਨਹੀਂ ਕਰ ਸਕੇ। ਕਿਉਂਕਿ ਹੁਣ ਉਹ ਉਸ ਨੂੰ ਹੋਰ ਜ਼ਿਆਦਾ ਬਰਦਾਸ਼ਤ ਨਹੀਂ ਸੀ ਕਰ ਸਕਦੇ, ਇਸ ਲਈ ਉਨ੍ਹਾਂ ਨੇ ਉਸ ਨੂੰ ਗੁਲਾਮੀ ਦੇ ਲਈ ਵੇਚ ਦਿੱਤਾ। ਜਦੋਂ ਸੌਦਾਗਰਾਂ ਦਾ ਕਾਫਿਲਾ ਯੂਸੁਫ਼ ਨੂੰ ਮਿਸਰ ਵਿਚ ਲੈ ਗਿਆ ਅਤੇ ਉਸ ਨੂੰ ਗੁਲਾਮ ਕਰਕੇ ਵੇਚ ਦਿੱਤਾ, ਉਹ ਤਕਦੀਰ ਜਿਸ ਤੋਂ ਬਚਣ ਦਾ ਉਸ ਨੇ ਕੋਈ ਰਸਤਾ ਨਹੀਂ ਵੇਖਿਆ, ਉਸ ਦੇ ਭਰਾਵਾਂ ਦੇ ਉਸ ਨੂੰ ਧੋਖਾ ਦੇਣ ਨਾਲ ਉਸ ਨੂੰ ਬਹੁਤ ਵੱਡਾ ਸਦਮਾ ਲੱਗਾ ਹੋਵੇਗਾ। ਉਸ ਦੀ ਸਾਰੀ ਦੁਨੀਆ ਉਸ ਦੀਆਂ ਅੱਖਾਂ ਦੇ ਸਾਹਮਣੇ ਚਕਨਾਚੂਰ ਹੋ ਗਈ ਅਤੇ ਇਸ ਪੂਰੀ ਘਟਨਾ ਤੋਂ ਉਹ ਆਪਣੇ ਜੀਵਨ ਵਿਚ ਬਹੁਤ ਜ਼ਿਆਦਾ ਨਿਰਾਸ਼ ਹੋਇਆ ਹੋਵੇਗਾ। ਇਸ ਸਤਾਰਾਂ ਸਾਲ ਦੇ ਮੁੰਡੇ ਨੂੰ ਲੱਗਾ ਹੋਵੇਗਾ ਕਿ ਉਸ ਦੀਆਂ ਸਾਰੀਆਂ ਉਮੀਦਾਂ ਮਿੱਟੀ ਵਿਚ ਮਿਲ ਗਈਆਂ ਸਨ। ਮਿਸਰ ਵਿਚ, ਗੁਲਾਮ ਵਿਅਕਤੀ ਦੇ ਆਪਣੇ ਕੋਈ ਹੱਕ ਨਹੀਂ ਸੀ ਹੁੰਦੇ; ਉਸ ਦਾ ਮਾਲਕ ਉਸ ਨੂੰ ਇਕ ਜ਼ਿੰਦਾ ਔਜ਼ਾਰ ਦੇ ਰੂਪ ਵਿਚ ਵੇਖਦਾ ਸੀ ਜਿਸ ਨੂੰ ਉਹ ਵਰਤਦਾ ਸੀ, ਗਲਤ ਵਰਤੋਂ ਕਰਦਾ ਸੀ ਅਤੇ ਸਗੋਂ ਮਾਰ ਵੀ ਦਿੰਦਾ ਸੀ ਜੇਕਰ ਉਹ ਆਪਣੇ ਮਾਲਕ ਦੀ ਅਣਆਗਿਆਕਾਰੀ ਕਰਦਾ ਸੀ।

ਉਸ ਵਕਤ, ਯੂਸੁਫ਼ ਕੋਲ ਸਿਰਫ ਦੋ ਵਿਕਲਪ ਸਨ: ਨਿਹਚਾ ਜਾਂ ਨਿਰਾਸ਼ਾ। ਪ੍ਰੇਮੀ ਪਰਮੇਸ਼ੁਰ ਜਿਸ ਦੇ ਕੋਲ ਯੂਸੁਫ਼ ਦੇ ਲਈ ਇਕ ਯੋਜਨਾ ਸੀ ਅਤੇ ਜਿਹੜਾ ਉਸ ਦੀਆਂ ਪ੍ਰਾਰਥਨਾਵਾਂ ਦਾ ਉੱਤਰ ਦੇਵੇਗਾ ਨਿਹਚਾ ਕੀਤੇ ਬਿਨਾਂ, ਬਚਣ ਦਾ ਅਤੇ ਇਕ ਗੁਲਾਮ ਦੇ ਤੌਰ ਤੇ ਦੁੱਖ ਸਹਿਣ ਦਾ ਕੀ ਫਾਇਦਾ ਹੋਵੇਗਾ? ਬਿਨਾਂ ਆਸ, ਲੋਕ ਜੀਉਣ ਦਾ ਉਦੇਸ਼ ਅਤੇ ਕਾਰਣ ਗੁਆ ਦਿੰਦੇ ਹਨ। ਬਾਈਬਲ ਦੇ ਲੇਖਕ ਨੇ ਆਖਿਆ ਸੀ ਕਿ "ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਬੂਤੀ ਹੈ" (ਇਬਰਾਨੀਆਂ 11:1)। ਦੂਜੇ ਸ਼ਬਦਾਂ ਵਿਚ, ਨਿਹਚਾ ਵਿਅਕਤੀ ਨੂੰ ਅਣਡਿੱਠ ਅਤੇ ਜੋ "ਹਾਲੇ ਤੱਕ ਨਹੀਂ ਹਨ" ਉਨ੍ਹਾਂ ਦੇ ਵਿਖੇ ਜੀਉਣ ਦੇ ਯੋਗ ਬਣਾਉਂਦੀ ਹੈ। ਨਿਹਚਾ ਨਾਲ ਪਰਮੇਸ਼ੁਰ ਦੇ ਬੱਚਿਆਂ ਲਈ ਅਣਡਿੱਠ ਸੰਭਾਵਨਾਵਾਂ ਹਕੀਕਤ ਬਣ ਜਾਂਦੀਆਂ ਹਨ। ਲੋੜ ਪੈਣ ਤੇ, ਉਹ ਚੰਗੇ ਭਵਿੱਖ ਦੀ ਆਸ ਵਿਚ ਤੰਗੀ ਝੱਲਣ ਨੂੰ ਵੀ ਤਿਆਰ ਹੋ ਜਾਂਦੇ ਹਨ। ਨਿਹਚਾ ਅਤੇ ਆਸ ਦੋ ਜ਼ਰੂਰੀ ਚੀਜ਼ਾਂ ਹਨ ਜੋ ਲੋਕਾਂ ਨੂੰ ਜ਼ਿੰਦਾ

ਰੱਖਦੀਆਂ ਹਨ ਜਦੋਂ ਉਹ ਜੀਵਨ ਵਿਚ ਬਹੁਤ ਹੀ ਮੁਸ਼ਕਲ ਅਤੇ ਨਿਰਾਸ਼ ਹਾਲਾਤਾਂ ਦਾ ਸਾਹਮਣਾ ਕਰਦੇ ਹਨ।

ਜੇਲ੍ਹ ਦੀ ਤਸ਼ੱਦਦ ਸਹਿ ਕੇ ਬਚ ਨਿੱਕਲਣ ਵਾਲਿਆਂ ਦੀਆਂ ਕਹਾਣੀਆਂ ਵਿਚ ਵਾਰ-ਵਾਰ ਜੋ ਵਿਸ਼ਾ ਆਉਂਦਾ ਹੈ ਉਹ ਇਹ ਹੈ ਕਿ ਉਨ੍ਹਾਂ ਦੀ ਨਿਹਚਾ ਨੇ ਉਨ੍ਹਾਂ ਨੂੰ ਜੇਲ੍ਹ ਦੇ ਪਹਿਰੇਦਾਰਾਂ ਦੇ ਹੱਥੋਂ ਜ਼ੁਲਮੀ ਵਰਤਾਓ ਤੋਂ ਬਚ ਨਿੱਕਲਣ ਦੇ ਯੋਗ ਬਣਾਇਆ ਸੀ। ਨਿਹਚਾ ਨੇ ਮੁਢਲੇ ਮਸੀਹੀ ਲੋਕਾਂ ਨੂੰ ਸੰਭਾਲਿਆ ਜਿਨ੍ਹਾਂ ਨੇ ਪਹਿਲੀਆਂ ਤਿੰਨ ਸਦੀਆਂ ਈਸਵੀ ਵਿਚ ਵੱਖ-ਵੱਖ ਰੋਮੀ ਸਮਰਾਟਾਂ ਦੇ ਹੁਕਮਾਂ ਅਧੀਨ ਤਸੀਹਿਆਂ ਅਤੇ ਸਜ਼ਾ ਦਾ ਸਾਹਮਣਾ ਕੀਤਾ। ਬਹੁਤ ਸਾਰੇ ਸ਼ਹੀਦਾਂ ਨੇ ਪਰਮੇਸ਼ੁਰ ਦੇ ਲਈ ਗੀਤ ਗਾਉਂਦੇ-ਗਾਉਂਦੇ ਆਪਣੀ ਜਾਨ ਦੇ ਦਿੱਤੀ, ਜਿਸ ਦੇ ਕਾਰਣ ਉਨ੍ਹਾਂ ਨੂੰ ਸਤਾਉਣ ਵਾਲਿਆਂ ਦੇ ਮਨ ਵਿਚ ਵੱਡਾ ਡਰ ਪੈਦਾ ਹੋ ਗਿਆ। ਇਹ ਮਸੀਹੀ ਲੋਕ ਨਿਰਾਸ਼ ਨਹੀਂ ਹੋਏ ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਦੇ ਜੀ ਉੱਠੇ ਪ੍ਰਭੂ ਅਤੇ ਮੁਕਤੀਦਾਤਾ, ਯਿਸੂ ਮਸੀਹ ਦੇ ਰਾਹੀਂ ਮੁੜ ਜੀ ਉੱਠਣ ਦੀ ਆਸ ਸੀ (2 ਤਿਮੋਥਿਉਸ 2:3, 8-10; 4:6-8; 1 ਯੂਹੰਨਾ 3:1-3)।

ਯੂਸੁਫ਼ ਕੋਲ ਹਾਲੇ ਤੱਕ ਸ਼ਹੀਦ ਹੋਏ ਮਸੀਹੀ ਲੋਕਾਂ ਵਰਗੀ ਨਿਹਚਾ ਨਹੀਂ ਸੀ ਜਿਹੜੇ ਜ਼ਿੰਦਾ ਨਿਹਚਾ ਦੀ ਜਿੱਤ ਨਾਲ ਮਰਦੇ ਹਨ। ਫਿਰ ਵੀ, ਉਸ ਨੇ ਨਿਹਚਾ ਨੂੰ ਚੁਣਿਆ ਅਤੇ ਪਰਮੇਸ਼ੁਰ ਵਿਚ ਉਸ ਦਾ ਭਰੋਸਾ ਇੰਨਾ ਜ਼ਿਆਦਾ ਮਜ਼ਬੂਤ ਹੋ ਗਿਆ ਕਿ ਉਸ ਦਾ ਨਾਮ ਇਬਰਾਨੀਆਂ ਦੇ ਲੇਖਕ ਦੁਆਰਾ ਪੁਰਾਣੇ ਨੇਮ ਵਿਚ ਹੋਏ ਨਿਹਚਾ ਦੇ ਸੂਰਬੀਰਾਂ ਵਿਚ ਸ਼ਾਮਲ ਕੀਤਾ ਗਿਆ (ਇਬਰਾਨੀਆਂ 11:22)।

*ਪਰਮੇਸ਼ੁਰ ਦਾ ਹੱਥ ਵੇਖਣ ਦੇ ਲਈ ਨਿਹਚਾ।* ਯੂਸੁਫ਼ ਦੇ ਮਿਸਰ ਵਿਚ ਪਹੁੰਚਣ ਤੋਂ ਤੁਰੰਤ ਬਾਅਦ, ਪੋਟੀਫ਼ਰ ਸਮਝ ਗਿਆ ਕਿ ਇਹ ਗੁਲਾਮ ਦੂਜੇ ਗੁਲਾਮਾਂ ਨਾਲੋਂ ਥੋੜ੍ਹਾ ਵੱਖਰਾ ਹੈ। ਰੁੱਖਾ, ਕੌੜਾ, ਨਿਗੱਲਾ ਬਣਨ ਦੀ ਬਜਾਇ, ਉਹ ਉਸ ਨੂੰ ਸੌਂਪੇ ਗਏ ਹਰ ਕੰਮ ਨੂੰ ਪੂਰਾ ਕਰਨ ਵਿਚ ਮਿਹਨਤੀ ਅਤੇ ਆਪਣੇ ਸਵਾਮੀ ਨੂੰ ਪ੍ਰਸੰਨ ਕਰਨ ਦੇ ਲਈ ਉਤਸੁਕ ਸੀ। ਯੂਸੁਫ਼ ਦਾ ਸਕਾਰਾਤਮਕ ਰਵੱਈਆ ਯਹੋਵਾਹ ਉੱਤੇ ਉਸ ਦੇ ਭਰੋਸੇ ਦਾ ਨਤੀਜਾ ਸੀ। ਉਸ ਦਾ ਇਹ ਗਿਆਨ ਕਿ ਇਕ ਸੱਚਾ ਅਤੇ ਸ਼ਕਤੀਸ਼ਾਲੀ ਪਰਮੇਸ਼ੁਰ ਜੋ ਉਸ ਦੀ ਰੱਛਿਆ ਕਰ ਰਿਹਾ ਸੀ ਉਸੇ ਨੇ ਉਸ ਨੂੰ ਨਿਰਾਸ਼ ਹੋਣ ਤੋਂ ਰੋਕਿਆ ਅਤੇ ਉਸ ਦੇ ਸਵਾਮੀ ਲਈ ਉਪਯੋਗੀ ਬਣਨ ਦਾ ਬਲ ਦਿੱਤਾ ਸੀ।

ਯੂਸੁਫ਼ ਦੇ ਦਿਲ ਵਿਚ ਨਿਹਚਾ ਦੇ ਬੀਜ ਉਸ ਦੇ ਬਚਪਣ ਵਿਚ ਹੀ ਬੀਜ ਦਿੱਤੇ ਗਏ ਸਨ। ਉਸ ਨੇ ਯਾਕੂਬ ਦੀ ਸਾਖੀ ਨੂੰ ਸੁਣਿਆ ਸੀ ਕਿ ਕਿਵੇਂ ਪਰਮੇਸ਼ੁਰ ਨੇ ਸੰਕਟ ਦੇ ਸਮੇਂ ਵਿਚ ਉਸ ਦੀਆਂ ਪ੍ਰਾਰਥਨਾਵਾਂ ਦਾ ਉੱਤਰ ਦਿੱਤਾ ਅਤੇ ਉਹ ਜਿੱਥੇ ਕਿਤੇ ਵੀ ਗਿਆ ਪਰਮੇਸ਼ੁਰ ਉਸ ਦੇ ਅੰਗ ਸੰਗ ਰਿਹਾ (35:3)। ਬੈਤਏਲ ਵਿਚ, ਉਸ ਦੇ ਪਿਤਾ ਨੇ ਉਸ ਨੂੰ ਰੋਕਿਆ ਅਤੇ ਇਕ ਹੋਰ ਜਗਵੇਦੀ ਬਣਾਈ ਅਤੇ ਉਸ ਥਾਂ ਨੂੰ "ਏਲ ਬੈਤਏਲ" ("ਪਰਮੇਸ਼ੁਰ ਦੇ ਭਵਨ ਦਾ ਪਰਮੇਸ਼ੁਰ") ਦੱਸਿਆ ਕਿਉਂਕਿ ਰਾਤ ਦੇ ਸਮੇਂ ਉੱਥੇ ਪਰਮੇਸ਼ੁਰ ਨੇ ਉਹ ਨੂੰ ਦਰਸ਼ਨ ਦਿੱਤਾ ਸੀ, ਜਦੋਂ ਉਹ ਲਾਚਾਰ ਅਤੇ ਇਕੱਲਾ ਸੀ (35:7)।

ਜਦੋਂ ਯੂਸੁਫ਼ ਨੂੰ ਸੌਦਾਗਰਾਂ ਦੇ ਕਾਫਿਲੇ ਦੇ ਪਿੱਛੇ-ਪਿੱਛੇ ਜੰਜੀਰਾਂ ਨਾਲ ਬੰਨ੍ਹ ਕੇ ਦੋਥਾਨ ਤੋਂ ਮਿਸਰ ਨੂੰ ਲਿਜਾਇਆ ਜਾ ਰਿਹਾ ਸੀ, ਉਸ ਦੇ ਕੋਲ ਯਾਕੂਬ ਦਾ ਲਾਡਲਾ ਪੁੱਤਰ ਹੋਣ ਦੇ ਨਾਤੇ ਆਪਣੇ ਅਤੀਤ ਬਾਰੇ ਅਤੇ ਇਹ ਸੋਚਣ ਬਾਰੇ ਕਾਫੀ ਸਮਾਂ ਸੀ ਕਿ ਉਹ ਕਿਵੇਂ ਆਪਣੇ ਭਵਿੱਖ ਦੇ ਲਈ ਆਸ ਕਰ ਸਕਦਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਸ ਨੇ ਉਸ ਪਰਮੇਸ਼ੁਰ ਨੂੰ ਚੇਤੇ ਕੀਤਾ ਜਿਸ ਨੇ ਉਸ ਦੇ ਪਿਤਾ ਯਾਕੂਬ ਨੂੰ ਵੱਡੇ ਸੰਕਟ ਦੇ ਸਮੇਂ ਵਿਚ ਬਰਕਤ ਦਿੱਤੀ ਸੀ ਅਤੇ

ਉਸ ਨੇ ਆਪਣੇ ਦਾਦੇ ਇਸਹਾਕ ਅਤੇ ਪੜਦਾਦੇ ਅਬਰਾਹਾਮ ਉੱਤੇ ਪਰਮੇਸ਼ੁਰ ਦੀਆਂ ਬਰਕਤਾਂ ਦੀਆਂ ਕਹਾਣੀਆਂ ਨੂੰ ਵੀ ਚੇਤੇ ਕੀਤਾ ਹੋਵੇਗਾ। ਇਨ੍ਹਾਂ ਪੁਰਖਾਂ ਨੇ ਇਸ ਗੱਲ ਦੀ ਸਾਖੀ ਦਿੱਤੀ ਸੀ ਕਿ ਪਰਮੇਸ਼ੁਰ ਨੇ ਉਨ੍ਹਾਂ ਦੇ ਅੰਗ ਸੰਗ ਰਹਿਣ ਦਾ ਵਾਅਦਾ ਕੀਤਾ ਸੀ ਅਤੇ ਯਹੋਵਾਹ ਉਨ੍ਹਾਂ ਨੂੰ ਬਰਕਤ ਦੇ ਕੇ ਅਤੇ ਉਨ੍ਹਾਂ ਨੂੰ ਹਾਨੀ ਤੋਂ ਬਚਾ ਕੇ ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਵਿਚ ਵਫ਼ਾਦਾਰ ਰਿਹਾ ਸੀ। ਮਿਸਰ ਨੂੰ ਜਾਣ ਵਾਲਾ ਇਹ ਲੰਬਾ ਰਸਤਾ ਅਸਲ ਵਿਚ ਦੁੱਖ ਦੇ ਭੇਸ ਵਿਚ ਇਕ ਸੁੱਖ ਸੀ, ਕਿਉਂਕਿ ਇਸ ਨੇ ਯੂਸੁਫ਼ ਨੂੰ ਇਹ ਚੇਤੇ ਕਰਨ ਦਾ ਸਮਾਂ ਦਿੱਤਾ ਕਿ ਉਹ ਪੂਰੇ ਸੰਸਾਰ ਦੇ ਲਈ ਬਰਕਤ ਦਾ ਕਾਰਣ ਬਣਨ ਦੇ ਲਈ ਪਰਮੇਸ਼ੁਰ ਦੁਆਰਾ ਚੁਣੇ ਹੋਏ ਲੋਕਾਂ ਦਾ ਹਿੱਸਾ ਸੀ। ਭਾਵੇਂ ਕਿ ਉਹ ਇਹ ਨਹੀਂ ਸੀ ਸਮਝਿਆ ਕਿ ਉਹ ਪਰਮੇਸ਼ੁਰ ਦੀ ਯੋਜਨਾ ਵਿਚ ਕਿਵੇਂ ਫਿੱਟ ਬੈਠਦਾ ਸੀ, ਯੂਸੁਫ਼ ਨੇ ਇਹ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ ਕਿ ਪਰਮੇਸ਼ੁਰ ਦੇ ਕੋਲ ਉਸ ਦੇ ਲਈ ਇਕ ਯੋਜਨਾ ਸੀ ਇਸੇ ਕਰਕੇ ਉਹ ਉਸ ਨੂੰ ਮਿਸਰ ਵਿਚ ਲੈ ਕੇ ਜਾ ਰਿਹਾ ਸੀ। ਉਸ ਨੇ ਇਹ ਫ਼ੈਸਲਾ ਕਰ ਲਿਆ ਕਿ ਉਹ ਨਿਰਾਸ਼ ਨਹੀਂ ਹੋਵੇਗਾ ਜਾਂ ਇਹ ਨਹੀਂ ਸੋਚੇਗਾ ਕਿ ਗੁਲਾਮੀ ਵਾਲਾ ਜੀਵਨ ਉਸ ਦਾ ਅੰਤ ਸੀ। ਬਜਾਇ ਇਸ ਦੇ, "ਨਿਰਾਸਾ ਵਿੱਚ ਆਸ ਨਾਲ ਉਸ ਨੇ ਪਰਤੀਤ ਕੀਤੀ" (ਵੇਖੋ ਰੋਮੀਆਂ 4:18) ਕਿ ਸ਼ਾਇਦ ਜੀਵਨ ਵਿਚ ਹਾਲੇ ਵੀ ਉਸ ਦੇ ਕੋਲ ਇਕ ਮਕਸਦ ਅਤੇ ਇੱਕ ਭਵਿੱਖ ਹੋ ਸਕਦਾ ਹੈ ਜੇਕਰ ਉਹ ਇਕ ਮਿਹਨਤੀ ਅਤੇ ਭਰੋਸੇਯੋਗ ਗੁਲਾਮ ਬਣ ਜਾਂਦਾ ਹੈ।

ਮਿਸਰ ਵਿਚ, ਯੂਸੁਫ਼ ਨਿਹਚਾ, ਚੰਗੇ ਕਰਮਾਂ ਅਤੇ ਜ਼ਿੰਮੇਵਾਰੀ ਵਾਲਾ ਵਿਅਕਤੀ ਬਣ ਗਿਆ। ਲਿਖਤ ਕਹਿੰਦੀ ਹੈ ਕਿ "ਉਸ ਦੇ ਸਵਾਮੀ ਨੇ ਵੇਖਿਆ ਕਿ ਯਹੋਵਾਹ ਉਸ ਦੇ ਅੰਗ ਸੰਗ ਹੈ ਅਰ ਜੋ ਕੰਮ ਉਹ ਕਰਦਾ ਹੈ ਉਸ ਦੇ ਹੱਥੋਂ ਉਹ ਸੁਫਲ ਕਰਾਉਂਦਾ ਹੈ" (39:3)। ਸਿਰਫ ਇੱਕੋ ਤਰੀਕਾ ਸੀ ਜਿਸ ਨਾਲ ਪੋਟੀਫ਼ਰ ਇਹ ਜਾਣ ਸਕਦਾ ਸੀ ਕਿ ਯੂਸੁਫ਼ ਜੋ ਕੁਝ ਵੀ ਕਰਦਾ ਸੀ ਉਸ ਨੂੰ ਸਫ਼ਲ ਬਣਾਉਣ ਦੇ ਪਿੱਛੇ ਯਹੋਵਾਹ ਦਾ ਹੱਥ ਸੀ ਜੇਕਰ ਇਹ ਗੁਲਾਮ ਆਪਣੇ ਸਵਾਮੀ ਨੂੰ ਆਪਣੀ ਨਿਹਚਾ ਦੀ ਸਾਖੀ ਦਿੰਦਾ। ਮਿਸਰੀ ਲੋਕਾਂ ਦੇ ਬਹੁਤ ਸਾਰੇ ਦੇਵਤੇ ਸਨ, ਪਰ ਸ਼ਾਇਦ ਇਹ ਪਹਿਲੀ ਵਾਰ ਹੋਇਆ ਸੀ ਕਿ ਪੋਟੀਫ਼ਰ ਨੇ ਇਬਰਾਨੀਆਂ ਦੇ ਪਰਮੇਸ਼ੁਰ ਦੇ ਬਾਰੇ ਸੁਣਿਆ ਸੀ। ਉਹ ਇਸ ਗੱਲ ਤੋਂ ਬਹੁਤ ਹੀ ਜ਼ਿਆਦਾ ਪ੍ਰਭਾਵਿਤ ਹੋਇਆ ਹੋਵੇਗਾ ਕਿ ਉਸ ਪਰਮੇਸ਼ੁਰ ਉੱਤੇ ਯੂਸੁਫ਼ ਦੀ ਨਿਹਚਾ ਦਾ ਉਸ ਦੇ ਚਰਿੱਤਰ ਅਤੇ ਜੀਵਨ ਤੇ ਬਹੁਤ ਹੀ ਸਕਾਰਾਤਮਕ ਪ੍ਰਭਾਵ ਸੀ।

ਵਚਨ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੰਦਾ ਕਿ ਪੋਟੀਫ਼ਰ ਨੇ ਕਦੇ ਯਹੋਵਾਹ ਦਾ ਇਕ ਸੱਚਾ ਵਿਸ਼ਵਾਸੀ ਬਣਿਆ ਸੀ; ਪਰ ਉਹ ਇਹ ਸਮਝਣ ਵਿਚ ਬਹੁਤ ਹੀ ਅਕਲਮੰਦ ਸੀ ਕਿ ਉਸ ਪਰਮੇਸ਼ੁਰ ਉੱਤੇ ਯੂਸੁਫ਼ ਦੀ ਨਿਹਚਾ ਨੇ ਉਸ ਦੇ ਜੀਵਨ ਵਿਚ ਇਕ ਵੱਡਾ ਫ਼ਰਕ ਪੈਦਾ ਕੀਤਾ ਸੀ, ਜਿਸ ਦੇ ਕਾਰਣ ਉਹ ਇਕ ਈਮਾਨਦਾਰ ਅਤੇ ਭਰੋਸੇਮੰਦ ਸੇਵਕ ਬਣਿਆ ਸੀ। ਲਿਖਤ ਕਹਿੰਦੀ ਹੈ, "ਯਹੋਵਾਹ ਨੇ ਉਸ ਮਿਸਰੀ ਦੇ ਘਰ ਉੱਤੇ ਯੂਸੁਫ਼ ਦੇ ਕਾਰਨ ਬਰਕਤ ਬਖ਼ਸ਼ੀ" (39:5)। ਅਬਰਾਹਾਮ ਨੂੰ ਦਿੱਤਾ ਗਿਆ ਪਰਮੇਸ਼ੁਰ ਦਾ ਮੁਢਲਾ ਵਾਅਦਾ ਮਿਸਰ ਵਿਚ ਪੂਰਾ ਹੋਣਾ ਸ਼ੁਰੂ ਹੋ ਗਿਆ ਸੀ (12:2, 3)। ਜਿਵੇਂ-ਜਿਵੇਂ ਦਿਨ ਬੀਤਦੇ ਗਏ, ਪੋਟੀਫ਼ਰ ਨੇ ਯੂਸੁਫ਼ ਨੂੰ ਆਪਣੀਆਂ ਸਭ ਚੀਜ਼ਾਂ ਦਾ ਮੁਖ਼ਤਿਆਰ ਬਣਾ ਦਿੱਤਾ "ਭਾਵੇਂ ਓਹ ਘਰ ਵਿੱਚ ਸਨ ਭਾਵੇਂ ਖੇਤ ਵਿੱਚ।" ਇਸ ਫ਼ੈਸਲੇ ਨੇ ਸ਼ਾਇਦ ਪੋਟੀਫ਼ਰ ਦੇ ਮਿਸਰੀ ਮਿੱਤਰਾਂ ਨੂੰ ਉਲਝਣ ਵਿਚ ਪਾ ਦਿੱਤਾ ਅਤੇ ਇਸ ਕਾਰਣ ਬਾਕੀ ਸਾਰੇ ਗੁਲਾਮ ਇਸ ਸਤਾਰਾਂ ਸਾਲ ਦੇ ਇਬਰਾਨੀ ਗੁਲਾਮ ਨਾਲ ਈਰਖਾ ਕਰਨ ਲੱਗ ਪਏ। ਪਰ, ਇਸ ਨੇ ਪੋਟੀਫ਼ਰ ਨੂੰ ਉਸ ਦੀ ਜਾਇਦਾਦ ਦੇ ਸਾਰੇ ਫਿਕਰਾਂ ਅਤੇ ਜ਼ਿੰਮੇਵਾਰੀਆਂ ਤੋਂ ਮੁਕਤ ਕਰ

ਦਿੱਤਾ, ਉਸ ਨੂੰ ਭੋਜਨ ਖਾਣ ਤੋਂ ਇਲਾਵਾ ਹੋਰ ਕਿਸੇ ਚੀਜ਼ ਦੀ ਚਿੰਤਾ ਨਹੀਂ ਸੀ ਹੁੰਦੀ (39:5, 6)।

*ਪਰਤਾਵੇ ਤੇ ਜਿੱਤ ਪਾਉਣ ਦੀ ਨਿਹਚਾ ਅਤੇ ਪਰਮੇਸ਼ੁਰ ਦੇ ਵਾਅਦੇ ਦਾ ਦਾਅਵਾ ਕਰਨਾ।* ਯੂਸੁਫ਼ ਦੀ ਨਿਹਚਾ ਨੇ ਉਸ ਨੂੰ ਮਜ਼ਬੂਤ ਪਰਤਾਵਿਆਂ, ਝੂਠੇ ਇਲਜ਼ਾਮਾਂ ਅਤੇ ਨਾਜਾਇਜ਼ ਸਜ਼ਾ ਤੇ ਜਿੱਤ ਪਾਉਣ ਦੇ ਯੋਗ ਬਣਾਇਆ। ਜਦੋਂ ਯੂਸੁਫ਼ ਮਿਸਰ ਵਿਚ ਪੋਟੀਫ਼ਰ ਦੇ ਘਰ ਅਤੇ ਖੇਤਾਂ ਦਾ ਮੁਖ਼ਤਿਆਰ ਸੀ ਤਾਂ ਉਸ ਨੂੰ ਇਕ ਉਜਵਲ ਭਵਿੱਖ ਦੀ ਆਸ ਸੀ। ਪਰ, ਅਚਾਣਕ ਉਸ ਦਾ ਸਾਹਮਣਾ ਇਕ ਸ਼ਕਤੀਸ਼ਾਲੀ ਪਰਤਾਵੇ-ਉਸ ਦੇ ਸਵਾਮੀ ਦੀ ਤੀਵੀਂ ਦੀ ਕਾਮ-ਵਾਸ਼ਨਾ - ਨਾਲ ਹੋਇਆ। ਵਾਰਤਾਕਾਰ ਨੇ ਦੱਸਿਆ ਹੈ ਕਿ "ਯੂਸੁਫ਼ ਰੂਪਵੰਤ ਅਰ ਸੋਹਣਾ ਸੀ" (39:6)। ਕਿਉਂਕਿ ਇਹੀ ਗੱਲ ਉਸ ਦੀ ਮਾਂ ਰਾਖੇਲ ਬਾਰੇ ਵੀ ਕਹੀ ਗਈ ਸੀ, ਸ਼ਾਇਦ ਉਸ ਨੂੰ ਇਹ ਸਰੀਰਕ ਸੁੰਦਰਤਾ ਆਪਣੀ ਮਾਂ ਕੋਲੋਂ ਵਿਰਸੇ ਵਿਚ ਮਿਲੀ ਸੀ (29:17)। ਸੋਹਣਾ ਨੌਜਵਾਨ ਹੁੰਦੇ ਹੋਏ, ਉਸ ਦੇ ਸਵਾਮੀ ਦੀ ਤੀਵੀਂ ਆਪਣੀਆਂ ਅੱਖਾਂ ਯੂਸੁਫ਼ ਨਾਲ ਲਾਉਣ ਲੱਗ ਪਈ। ਉਸ ਨੇ ਯੂਸੁਫ਼ ਨੂੰ "ਭੈੜੀ ਨਜ਼ਰ ਨਾਲ ਵੇਖਿਆ" ਅਤੇ ਉਸ ਅੱਗੇ ਘਿਣਾਉਣੀ ਮੰਗ ਰੱਖੀ: "ਤੂੰ ਮੇਰੇ ਨਾਲ ਲੇਟ" (39:7)। ਸ਼ਾਇਦ ਉਸ ਨੇ ਸੋਚਿਆ ਹੋਵੇਗਾ, "ਉਹ ਸਿਰਫ ਇਕ ਇਬਰਾਨੀ ਗੁਲਾਮ ਹੈ ਜਿਹੜਾ ਮੇਰੇ ਅਤੇ ਮੇਰੇ ਪਤੀ ਲਈ ਕੰਮ ਕਰਦਾ ਹੈ। ਮੇਰਾ ਪਤੀ ਇੱਥੇ ਨਹੀਂ ਹੈ, ਇਸ ਲਈ ਹੁਣ ਸਭ ਕੁਝ ਮੇਰੇ ਹੱਥ ਵੱਸ ਹੈ ਅਤੇ ਮੇਰਾ ਹੁਕਮ ਮੰਨਣਾ ਉਸ ਦਾ ਫਰਜ਼ ਹੈ।" ਕਹਿਣ ਦਾ ਭਾਵ ਇਹ ਹੈ ਕਿ ਉਸ ਨੇ ਉਸ ਨਾਲ ਇਕ ਵਿਅਕਤੀ ਵਰਗਾ ਵਿਹਾਰ ਕਰਨ ਦੀ ਬਜਾਇ ਇਕ ਕਾਮ ਵਸਤੂ ਵਰਗਾ ਵਿਹਾਰ ਕੀਤਾ।

ਯੂਸੁਫ਼ ਯੌਨ ਸੰਬੰਧ ਦੇ ਲਈ ਉਸ ਦੀ ਇਸ ਮੰਗ ਤੋਂ ਬਹੁਤ ਹੈਰਾਨ ਹੋਇਆ ਕਿਉਂਕਿ ਇਹ ਵਿਭਚਾਰ ਸੀ ਅਤੇ ਉਹ ਜਾਣਦਾ ਸੀ ਕਿ ਇਹੋ ਜਿਹੇ ਕੰਮ ਦੇ ਉਨ੍ਹਾਂ ਦੋਹਾਂ ਦੇ ਲਈ ਬਹੁਤ ਗੰਭੀਰ ਪਰਿਣਾਮ ਹੋ ਸਕਦੇ ਸਨ। ਸੈਂਕੜਾ ਸਾਲਾਂ ਬਾਅਦ, ਸੁਲੇਮਾਨ ਨੇ ਨੌਜਵਾਨਾਂ ਨੂੰ ਅਜਿਹੀ ਔਰਤ ਦੇ ਵਿਰੁੱਧ ਚਿਤਾਵਨੀ ਦਿੱਤੀ ਸੀ (ਕਹਾਉਤਾਂ 6:20-35; 7:1-27); ਪਰ, ਯੂਸੁਫ਼ ਆਪਣੇ ਜ਼ਮਾਨੇ ਵਿਚ ਵਿਭਚਾਰ ਦੇ ਖ਼ਤਰਿਆਂ ਨੂੰ ਪਹਿਲਾਂ ਤੋਂ ਹੀ ਜਾਣਦਾ ਸੀ। ਯਾਕੂਬ ਨੇ ਇਸ ਸੰਬੰਧ ਵਿਚ ਉਸ ਨੂੰ ਅਤੇ ਉਸ ਦੇ ਭਰਾਵਾਂ ਨੂੰ ਪਹਿਲਾਂ ਤੋਂ ਚਿਤਾਵਨੀ ਦਿੱਤੀ ਹੋਵੇਗੀ, ਜਾਂ ਸ਼ਾਇਦ ਇਹ ਉਸ ਦੇ ਦਿਲ ਦੀਆਂ ਪੱਟੀਆਂ ਤੇ ਲਿਖੀ ਗਈ ਪਰਮੇਸ਼ੁਰ ਦੀ ਬਿਵਸਥਾ ਸੀ ਜਿਸ ਨੇ ਉਸ ਨੂੰ ਇਸ ਗਲਤ ਕੰਮ ਨੂੰ ਕਰਨ ਤੋਂ ਪਿੱਛੇ ਹਟਾ ਲਿਆ ਸੀ (ਰੋਮੀਆਂ 2:14, 15)। ਉਸ ਦੇ ਦਿਮਾਗ ਵਿਚ ਉਸ ਵਕਤ ਭਾਵੇਂ ਜੋ ਕੁਝ ਵੀ ਚੱਲ ਰਿਹਾ ਸੀ, ਉਹ ਇਹ ਜ਼ਰੂਰ ਜਾਣਦਾ ਸੀ ਕਿ ਇਸ ਤਰ੍ਹਾਂ ਦਾ ਸੰਬੰਧ ਬਣਾਉਣਾ ਗਲਤ ਹੈ। ਯੂਸੁਫ਼ ਨੇ ਉਸ ਦੀ ਮੰਗ ਨੂੰ ਠੁਕਰਾਉਣ ਦੇ ਦੋ ਕਾਰਣ ਦਿੱਤੇ। ਪਹਿਲਾਂ ਕਾਰਣ, ਉਸ ਨੇ ਉਸ ਤੀਵੀਂ ਨੂੰ ਆਖਿਆ ਕਿ ਇਹ ਪੋਟੀਫ਼ਰ ਨਾਲ ਵਿਸ਼ਵਾਸਘਾਤ ਹੋਵੇਗਾ ਕਿਉਂਕਿ ਉਸ ਦੇ ਸਵਾਮੀ ਸਾਰੀ ਮਿਲਖ ਦਾ ਇਖ਼ਤਿਆਰ ਉਸ ਦੇ ਹੱਥ ਵਿਚ ਦਿੱਤਾ ਹੋਇਆ ਸੀ। ਉਸ ਨੇ ਜ਼ੋਰ ਦੇ ਕੇ ਕਿਹਾ, "ਉਸ ਨੇ ਤੁਹਾਥੋਂ ਬਿਨਾਂ ਕੋਈ ਚੀਜ਼ ਮੇਰੇ ਕੋਲੋਂ ਰੋਕ ਕੇ ਵੀ ਨਹੀਂ ਰੱਖੀ ਕਿਉਂਜੋ ਤੁਸੀਂ ਉਸ ਦੀ ਪਤਨੀ ਹੋ।" ਦੂਜਾ ਕਾਰਣ, ਉਸ ਨੇ ਆਪਣਾ ਧਿਆਨ ਉਸ ਦੇ ਜੀਵਨ ਵਿਚ ਪਰਮੇਸ਼ੁਰ ਦੀ ਹਜ਼ੂਰੀ ਤੇ ਕੇਂਦਰਿਤ ਰੱਖਿਆ, ਇਹ ਕਹਿੰਦੇ ਹੋਏ ਕਿ "ਮੈਂ ਐੱਡੀ ਵੱਡੀ ਬੁਰਿਆਈ ਅਤੇ ਪਾਪ ਪਰਮੇਸ਼ੁਰ ਦੇ ਵਿਰੁੱਧ ਕਿਵੇਂ ਕਰਾਂ?" (39:9)। ਯੂਸੁਫ਼ ਨੇ ਇਹ ਕਹਿ ਦਿੱਤਾ ਕਿ ਉਹ ਪਰਮੇਸ਼ੁਰ ਦੇ ਸਾਹਮਣੇ ਆਪਣੀ ਨੈਤਿਕ ਸ਼ੁੱਧਤਾ ਨੂੰ ਕੁਰਬਾਨ ਕਰਨ ਅਤੇ ਸਿਰਫ ਉਸ ਤੀਵੀਂ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ ਉਸ ਦੇ ਪਤੀ ਨਾਲ ਵਿਸ਼ਵਾਸਘਾਤ ਕਰਨ

ਦੇ ਲਈ ਤਿਆਰ ਨਹੀਂ ਸੀ।

ਯੂਸੁਫ਼ ਨਾਲੋਂ ਛੋਟੇ ਰੁਤਬੇ ਦੇ ਮਨੁੱਖਾਂ ਨੇ ਉਸ ਤੀਵੀਂ ਦੀਆਂ ਕਾਮ-ਉਤੇਜਕ ਭਾਵਨਾਵਾਂ ਦੇ ਅੱਗੇ ਅਸਾਨੀ ਨਾਲ ਝੁਕ ਜਾਣਾ ਸੀ। ਉਹ ਦਿਨ ਪ੍ਰਤੀ ਦਿਨ ਯੂਸੁਫ਼ ਦੇ ਇਰਾਦੇ ਨੂੰ ਕਮਜ਼ੋਰ ਕਰਨ ਅਤੇ ਉਸ ਨੂੰ "ਉਸ ਦੇ ਨਾਲ ਰਹਿਣ" ਜਾਂ "ਉਸ ਦੇ ਨਾਲ ਲੇਟਣ" ਦੇ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਦੀ ਰਹੀ (39:10)। ਉਸ ਨੂੰ ਇਹੋ ਉਮੀਦ ਸੀ ਕਿ ਆਖ਼ਰਕਾਰ ਇਕ ਨਾ ਇਕ ਦਿਨ ਯੂਸੁਫ਼ ਆਪਣਾ ਨਿਯੰਤਰਣ ਖੋ ਦੇਵੇਗਾ ਅਤੇ ਉਸ ਦੀਆਂ ਯੌਨ ਇੱਛਾਵਾਂ ਨੂੰ ਪੂਰਾ ਕਰੇਗਾ।

ਇਸ ਤੋਂ ਇਲਾਵਾ, ਗੁਲਾਮਾਂ ਨੂੰ ਉਨ੍ਹਾਂ ਦੇ ਆਪਣੇ ਫ਼ੈਸਲੇ ਲੈਣ ਦਾ ਕੋਈ ਹੱਕ ਨਹੀਂ ਸੀ; ਉਨ੍ਹਾਂ ਨੇ ਬਿਨਾਂ ਝਿਜਕੇ ਆਪਣੇ ਮਾਲਕਾਂ ਦੇ ਹੁਕਮਾਂ ਦਾ ਪਾਲਣ ਕਰਨਾ ਹੁੰਦਾ ਸੀ, ਭਾਵੇਂ ਉਹ ਕਿੰਨੇ ਵੀ ਬੁਰੇ ਹੋਣ। ਇਹ ਵੀ ਸੱਚ ਹੈ ਕਿ ਗੁਲਾਮਾਂ ਦੇ ਮਾਲਕਾਂ ਦੀਆਂ ਤੀਵੀਆਂ ਨੇ ਗੁਲਾਮ ਪੁਰਸ਼ਾਂ ਨਾਲ ਕੋਈ ਸੰਬੰਧ ਨਹੀਂ ਸੀ ਬਣਾਉਣੇ ਹੁੰਦੇ ਅਤੇ ਜੇਕਰ ਉਹ ਇਸ ਤਰ੍ਹਾਂ ਕਰਦੀਆਂ ਸਨ ਤਾਂ ਇਸ ਦੇ ਲਈ ਉਨ੍ਹਾਂ ਨੂੰ ਕਠੋਰ ਸਜ਼ਾ ਦਿੱਤੀ ਜਾ ਸਕਦੀ ਸੀ; ਫਿਰ ਵੀ, ਕਈਆਂ ਨੇ ਇਸ ਖ਼ਤਰੇ ਨੂੰ ਸਵੀਕਾਰ ਕੀਤਾ ਸੀ। ਸ਼ਾਇਦ ਯੂਸੁਫ਼ ਉਹ ਪਹਿਲਾ ਗੁਲਾਮ ਨਹੀਂ ਸੀ ਜਿਸ ਨੂੰ ਪੋਟੀਫ਼ਰ ਦੀ ਪਤਨੀ ਨੇ ਉਸ ਦੇ ਬਿਸਤਰ ਤੇ ਲੇਟਣ ਦਾ ਨਿਓਤਾ ਦਿੱਤਾ ਸੀ, ਪਰ ਸੰਭਵ ਤੌਰ ਤੇ ਉਹ ਪਹਿਲਾਂ ਗੁਲਾਮ ਸੀ ਜਿਸ ਨੇ ਉਸ ਨੂੰ ਇਨਕਾਰ ਕੀਤਾ ਸੀ।

ਯੂਸੁਫ਼ ਨੂੰ ਉਸ ਦੀ ਮੰਗ ਨੂੰ ਪੂਰਾ ਕਰਨ ਦਾ ਇਕ ਹੋਰ ਮੌਕਾ ਦਿੰਦਿਆਂ, ਪੋਟੀਫ਼ਰ ਦੀ ਪਤਨੀ ਨੇ ਮੌਕੇ ਦਾ ਫਾਇਦਾ ਉਠਾਇਆ ਜਦੋਂ ਬਾਕੀ ਸਾਰੇ ਗੁਲਾਮ ਘਰ ਵਿਚ ਨਹੀਂ ਸਨ। ਜਦੋਂ ਯੂਸੁਫ਼ ਆਪਣੇ ਰੋਜ਼ਾਨਾ ਦੇ ਕੰਮਾਂ ਨੂੰ ਸ਼ੁਰੂ ਕਰਨ ਦੇ ਲਈ ਘਰ ਦੇ ਅੰਦਰ ਦਾਖ਼ਲ ਹੋਇਆ, ਉਸ ਨੇ ਉਸ ਦਾ ਕੱਪੜਾ ਫੜ ਲਿਆ ਅਤੇ ਆਖਿਆ, "ਮੇਰੇ ਨਾਲ ਲੇਟ।" ਪਰ, ਉਹ ਛੇਤੀ ਨਾਲ ਆਪਣੇ ਆਪ ਨੂੰ ਛੁਡਾ ਕੇ ਉੱਥੋਂ ਨੱਠ ਗਿਆ ਅਤੇ ਉਸ ਦਾ ਕੱਪੜਾ ਉਸ ਦੇ ਹੱਥ ਵਿਚ ਹੀ ਰਹਿ ਗਿਆ (39:12)। ਯੂਸੁਫ਼ ਦੇ ਉਸ ਨੂੰ ਠੁਕਰਾਉਣ ਨਾਲ ਉਸ ਦੇ ਅਭਿਮਾਨ ਨੂੰ ਠੇਸ ਲੱਗੀ ਅਤੇ ਯੂਸੁਫ਼ ਦੇ ਲਈ ਉਸ ਦੀ ਕਾਮ-ਵਾਸ਼ਨਾ ਕਰੋਧ, ਨਫਰਤ ਅਤੇ ਉਸ ਨੂੰ ਬੇਇੱਜ਼ਤ ਕਰਨ ਅਤੇ ਉਸ ਦੀ ਬੁਰੀ-ਇੱਛਾ ਨੂੰ ਪੂਰਾ ਨਾ ਕਰਨ ਦੇ ਲਈ ਉਸ ਨੂੰ ਸਜ਼ਾ ਦਿਵਾਉਣ ਦੀ ਇੱਛਾ ਵਿਚ ਤਬਦੀਲ ਹੋ ਗਈ।

ਇਸ ਆਖ਼ਰੀ ਇਨਕਾਰ ਦੇ ਨਤੀਜੇ ਵਜੋਂ, ਉਸ ਨੇ ਯੂਸੁਫ਼ ਨੂੰ ਬਰਬਾਦ ਕਰਨ ਦੀ ਸਾਜਿਸ਼ ਰਚੀ। ਉਸ ਨੇ ਯੂਸੁਫ਼ ਵਿਰੁੱਧ ਹੋਰ ਕਿਸੇ ਕਾਰਣ ਕਰਕੇ ਨਹੀਂ ਪਰ ਉਸ ਦੇ ਇਸ ਬੇਮਿਸਾਲ ਗੁੱਣ ਵਾਲਾ ਮਨੁੱਖ ਹੋਣ ਕਰਕੇ ਬਦਲਾ ਲੈਣ ਦੀ ਠਾਣ ਲਈ। ਪੁਰਸ਼ ਨੌਕਰਾਂ ਨੂੰ ਇਕੱਠਾ ਕਰਨ ਤੋਂ ਬਾਅਦ, ਉਸ ਨੇ ਆਪਣੇ ਝੂਠ ਨੂੰ ਪੇਸ਼ ਕੀਤਾ: ਉਸ ਨੇ ਆਖਿਆ ਕਿ ਯੂਸੁਫ਼ ਨੇ ਮੇਰੇ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ ਸੀ; ਫਿਰ ਜਦੋਂ ਮੈਂ ਉਸ ਦਾ ਵਿਰੋਧ ਕੀਤੀ ਅਤੇ ਉੱਚੀ ਦੇਕੇ ਅਵਾਜ਼ ਉਠਾਈ, ਉਹ ਆਪਣਾ ਕੱਪੜਾ ਮੇਰੇ ਕੋਲ ਛੱਡਕੇ ਬਾਹਰ ਨੂੰ ਨੱਠ ਗਿਆ (39:14, 15)।

ਜਦੋਂ ਪੋਟੀਫ਼ਰ ਘਰ ਵਾਪਸ ਆਇਆ, ਉਸ ਨੇ ਉਹੀ ਕਹਾਣੀ ਉਸ ਨੂੰ ਵੀ ਦੁਹਰਾਈ। ਨਤੀਜੇ ਵਜੋਂ, ਯੂਸੁਫ਼ ਨੂੰ ਨਾਜਾਇਜ਼ ਹੀ ਕੈਦਖਾਨੇ ਵਿਚ ਸੁੱਟ ਦਿੱਤਾ ਗਿਆ। ਪਰ, "ਯਹੋਵਾਹ ਯੂਸੁਫ਼ ਦੇ ਸੰਗ ਸੀ ਅਰ ਉਸ ਨੇ ਉਸ ਉੱਤੇ ਕਿਰਪਾ ਕੀਤੀ" (39:21)। ਇਸ ਵਾਰ ਪਰਮੇਸ਼ੁਰ ਨੇ ਇਹ ਕਿਰਪਾ ਇਕ ਦਰੋਗ਼ੇ ਦੇ ਰਾਹੀਂ ਕੀਤੀ। ਜਿਵੇਂ ਪੋਟੀਫ਼ਰ ਨੇ ਪਹਿਲਾਂ ਕੀਤਾ ਸੀ, ਕੈਦਖਾਨੇ ਦੇ ਇਸ ਅਫਸਰ ਨੇ ਸਾਰਾ ਇਖ਼ਤਿਆਰ ਯੂਸੁਫ਼ ਦੇ ਹੱਥ ਵਿਚ ਦੇ ਦਿੱਤਾ। ਉਸ ਨੇ "ਸਾਰੇ ਕੈਦੀਆਂ ਨੂੰ ਜਿਹੜੇ ਉਸ ਕੈਦ ਵਿੱਚ ਸਨ ਯੂਸੁਫ਼ ਦੇ ਹੱਥ ਵਿੱਚ ਦੇ ਦਿੱਤਾ" (39:22), ਕਿਉਂਕਿ ਉਸ ਨੂੰ

ਕੈਦਖਾਨੇ ਵਿਚ ਇਕ ਭਰੋਸੇਮੰਦ ਵਿਅਕਤੀ ਦਾ ਲਾਭ ਮਿਲ ਗਿਆ ਸੀ। ਹੁਣ ਉਸ ਨੂੰ "ਕਿਸੇ ਚੀਜ਼ ਦੀ ਸੁਰਤ ਲੈਣ" ਦੀ ਕੋਈ ਲੋੜ ਨਹੀਂ ਸੀ "ਜਿਹੜੀ ਯੂਸੁਫ਼ ਦੇ ਹੱਥ ਵਿੱਚ ਸੀ ਏਸ ਲਈ ਭਈ ਯਹੋਵਾਹ ਉਹ ਦੇ ਸੰਗ ਸੀ" ਅਰ ਜੋ ਕੁਝ ਉਹ ਕਰਦਾ ਸੀ ਯਹੋਵਾਹ ਉਸ ਨੂੰ ਸਫਲ ਬਣਾ ਦਿੰਦਾ ਸੀ (39:23)।

ਇਹ ਉਸ ਵਿਸ਼ੇ ਦਾ ਜਾਰੀ ਰਹਿਣਾ ਹੈ ਜੋ ਉਤਪਤ 12 ਵਿਚ ਸ਼ੁਰੂ ਹੋਇਆ ਸੀ, ਜਦੋਂ ਯਹੋਵਾਹ ਨੇ ਆਪਣੇ ਲੋਕਾਂ ਨੂੰ ਬਰਕਤ ਦੇਣ, ਸੰਭਾਲ ਕੇ ਰੱਖਣ ਅਤੇ ਉਨ੍ਹਾਂ ਨੂੰ ਛੁਟਕਾਰਾ ਦੇਣ ਦੇ ਲਈ ਉਨ੍ਹਾਂ ਦੇ ਅੰਗ ਸੰਗ ਰਹਿਣ ਦਾ ਵਾਅਦਾ ਕੀਤਾ ਸੀ। ਸਭ ਤੋਂ ਪਹਿਲਾਂ ਅਸੀਂ ਇਸ ਵਾਅਦੇ ਨੂੰ ਅਬਰਾਹਾਮ ਦੇ ਜੀਵਨ ਵਿਚ ਪੂਰਾ ਹੁੰਦਾ ਵੇਖਦੇ ਹਾਂ। ਮਸੋਪੋਤਾਮੀਆ ਦੇ ਚਾਰ ਰਾਜਿਆਂ ਦੇ ਵਿਰੁੱਧ ਉਸ ਦੇ ਅਚਾਣਕ ਹਮਲੇ ਅਤੇ ਜਿੱਤ ਅਤੇ ਲੂਤ ਅਤੇ ਸਦੂਮ ਦੇ ਲੋਕਾਂ ਨੂੰ ਬਚਾਉਣ ਤੋਂ ਬਾਅਦ (14:13-16), ਅਬਰਾਹਾਮ ਡਰ ਗਿਆ ਸੀ। ਲਿਖਤ ਉਸ ਦੇ ਡਰ ਦਾ ਕਾਰਣ ਨਹੀਂ ਦੱਸਦੀ, ਪਰ ਅਸੀਂ ਪੜ੍ਹਦੇ ਹਾਂ ਕਿ "ਯਹੋਵਾਹ ਦਾ ਬਚਨ ਅਬਰਾਮ ਕੋਲ ਦਰਸ਼ਨ ਵਿੱਚ ਆਇਆ ਕਿ ਨਾ ਡਰ ਅਬਰਾਮ ਮੈਂ ਤੇਰੇ ਲਈ ਢਾਲ ਹਾਂ ਅਤੇ ਤੇਰਾ ਅੱਤ ਵੱਡਾ ਅਜਰ ਹਾਂ (15:1)। ਪਰਮੇਸ਼ੁਰ ਪੁਰਖੇ ਨੂੰ ਮੁੜ ਭਰੋਸਾ ਦੇ ਰਿਹਾ ਸੀ ਕਿ ਜੀਵਨ ਦੇ ਸਾਰੇ ਖ਼ਤਰਿਆਂ ਅਤੇ ਮੁਸ਼ਕਲਾਂ ਵਿਚ, ਉਹ ਉਸ ਨੂੰ ਸੰਭਾਲ ਕੇ ਰੱਖਣ ਅਤੇ ਉਸ ਨੂੰ ਬਰਕਤ ਦੇਣ ਦੇ ਲਈ ਹਮੇਸ਼ਾ ਉਸ ਦਾ ਸਾਥੀ ਹੋਵੇਗਾ। ਇਸੇ ਕਿਸਮ ਦਾ ਵਾਅਦਾ ਇਸਹਾਕ (26:3) ਅਤੇ ਯਾਕੂਬ (28:13-15) ਦੀਆਂ ਵਾਰਤਾਂ ਵਿਚ ਪੂਰਾ ਹੋਇਆ ਸੀ ਅਤੇ ਹੁਣ ਅਸੀਂ ਮਿਸਰ ਵਿਚ ਯੂਸੁਫ਼ ਦੀ ਜੱਦੋ-ਜਹਿਦ ਵਿਚ ਇਸ ਦੀ ਜ਼ੋਰ ਨਾਲ ਪੁਸ਼ਟੀ ਹੁੰਦਿਆਂ ਵੇਖਦੇ ਹਾਂ। ਕਾਫੀ ਸਮੇਂ ਬਾਅਦ, ਮੂਸਾ ਨੇ ਦੱਸਿਆ ਕਿ ਪਰਮੇਸ਼ੁਰ ਇਸਰਾਏਲੀਆਂ ਦੇ ਨਾਲ ਸੀ ਅਤੇ ਉਸ ਨੇ ਚਾਲੀ ਵਰਹੇ ਉਜਾੜ ਵਿਚ ਉਨ੍ਹਾਂ ਦੇ ਤੁਰਦਿਆਂ ਫਿਰਦਿਆਂ ਉਨ੍ਹਾਂ ਦੇ ਹਰ ਦੁੱਖ ਵਿਚ ਉਨ੍ਹਾਂ ਦੀ ਹਰ ਲੋੜ ਨੂੰ ਪੂਰਾ ਅਤੇ ਕਿਸੇ ਗੱਲੋਂ ਉਨ੍ਹਾਂ ਨੂੰ ਘਾਟਾ ਨਹੀਂ ਪੈਣ ਦਿੱਤਾ (ਬਿਵਸਥਾ ਸਾਰ 2:7)। ਫਿਰ, ਮੂਸਾ ਦੀ ਮੌਤ ਤੋਂ ਬਾਅਦ, ਯਹੋਸ਼ੁਆ ਨੂੰ ਕਨਾਨ ਦੇ ਯੁੱਧ ਦੇ ਲਈ ਤਕੜਾ ਕਰਨ ਵਾਸਤੇ, ਯਹੋਵਾਹ ਨੇ ਉਸ ਨੂੰ ਦਰਸ਼ਨ ਦਿੱਤਾ ਅਤੇ ਆਖਿਆ, "ਮੈਂ ਤੇਰੇ ਸੰਗ ਵੀ ਰਹਾਂਗਾ। ਮੈਂ ਤੈਨੂੰ ਨਹੀਂ ਛੱਡਾਂਗਾ ਅਤੇ ਨਾ ਤੈਨੂੰ ਤਿਆਗਾਂਗਾ" (ਯਹੋਸ਼ੁਆ 1:5)।

ਇਹੀ ਵਿਸ਼ਾ ਯਿਸੂ ਮਸੀਹ ਵਿਚ ਜ਼ਾਹਰ ਹੋਇਆ। ਉਸ ਦੇ ਜਨਮ ਤੇ, ਯਿਸੂ ਨੂੰ "ਇੰਮਾਨੂਏਲ" ਕਿਹਾ ਗਿਆ, ਜਿਸ ਦਾ ਅਰਥ ਹੈ "ਪਰਮੇਸ਼ੁਰ ਸਾਡੇ ਸੰਗ ਹੈ" (ਮੱਤੀ 1:23)। ਉਸ ਦੀ ਨਿੱਜੀ ਸੇਵਕਾਈ ਵਿਚ, ਉਸ ਨੇ ਆਪਣੇ ਚੇਲਿਆਂ ਵਿਚ ਪਰਮੇਸ਼ੁਰ ਦੀ ਸ਼ਕਤੀ ਅਤੇ ਹਜ਼ੂਰੀ ਨੂੰ ਵਿਖਾਇਆ। ਉਸ ਨੇ ਬਿਮਾਰਾਂ ਨੂੰ ਚੰਗਿਆਂ ਕੀਤਾ, ਗ਼ਰੀਬਾਂ ਨੂੰ ਬਰਕਤ ਦਿੱਤੀ ਅਤੇ ਭੂਤਾਂ ਨੂੰ ਕੱਢਿਆ (ਮੱਤੀ 12:28; ਮਰਕੁਸ 2:1-12; ਲੂਕਾ 4:14-21) ਅਤੇ ਉਸ ਨੇ ਆਪਣੇ ਚੇਲਿਆਂ ਨੂੰ ਉਹੀ ਕਰਨ ਦੀ ਸ਼ਕਤੀ ਦਿੱਤੀ (ਮੱਤੀ 10:1-8)। ਯਿਸੂ ਜਾਣਦਾ ਸੀ ਕਿ ਉਸ ਦੇ ਚੇਲਿਆਂ ਨੂੰ ਵੀ ਉਹੀ ਪਰਤਾਵਾ, ਸਤਾਓ, ਕੈਦਖਾਨਾ ਅਤੇ ਦੁਰਵਿਹਾਰ ਝੱਲਣਾ ਪਵੇਗਾ ਜੋ ਯੂਸੁਫ਼ ਅਤੇ ਨਿਹਚਾ ਦੇ ਹੋਰਨਾਂ ਸੂਰਬੀਰਾਂ ਨੇ ਉਨ੍ਹਾਂ ਦੀ ਨਿਹਚਾ ਦੀ ਗਵਾਹੀ ਨੂੰ ਦੇ ਕੇ ਝੱਲਿਆ ਸੀ। ਉਸ ਨੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਵੀ ਮੁਸੀਬਤਾਂ ਦਾ ਸਾਹਮਣਾ ਕਰਨਗੇ (ਮੱਤੀ 23:29-36; ਵੇਖੋ ਇਬਰਾਨੀਆਂ 11:35-40); ਪਰ, ਉਸ ਦੇ ਨਾਮ ਦੀ ਖ਼ਾਤਰ ਬੁਰੇ ਵਰਤਾਓ ਨੂੰ ਸਹਿਣ ਦੇ ਬਾਵਜੂਦ, ਯਿਸੂ ਨੇ ਕਿਹਾ ਕਿ ਉਨ੍ਹਾਂ ਕੋਲ ਉਨ੍ਹਾਂ ਦੀ ਨਿਹਚਾ ਦੀ ਗਵਾਹੀ ਦੇਣ ਦੇ ਮੌਕੇ ਹੋਣਗੇ। ਉਸ ਨੇ ਉਨ੍ਹਾਂ ਦੀ ਮੁਸ਼ਕਲ ਘੜੀ ਵਿਚ ਉਨ੍ਹਾਂ ਦੇ ਸੰਗ ਰਹਿਣ ਦਾ ਵਾਅਦਾ ਕੀਤਾ ਸੀ (ਲੂਕਾ

21:12-15)।

ਇਸ ਦੂਜੀ ਗੱਲ ਨੇ ਉਨ੍ਹਾਂ ਮਹਾਨ ਵਾਅਦਿਆਂ ਵਿੱਚੋਂ ਇਕ ਦੇ ਲਈ ਰਸਤਾ ਤਿਆਰ ਕੀਤਾ ਜੋ ਯਿਸੂ ਨੇ ਜੀ ਉੱਠਣ ਤੋਂ ਬਾਅਦ ਆਪਣੇ ਚੇਲਿਆਂ ਨਾਲ ਕੀਤਾ ਸੀ। ਉਸ ਨੇ ਨਾ ਸਿਰਫ ਉਨ੍ਹਾਂ ਨੂੰ ਇਹ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੇ ਨਾਲ ਰਹੇਗਾ, ਪਰ ਉਸ ਨੇ ਇਸ ਵਾਅਦੇ ਨੂੰ ਅੱਗੇ ਵਧਾਉਂਦੇ ਹੋਏ ਇਹ ਵੀ ਆਖਿਆ ਕਿ ਮੈਂ ਜੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ (ਮੱਤੀ 28:18-20)। ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਨੇ ਆਖਿਆ ਕਿ ਯਿਸੂ ਦਾ ਉਹ ਵਾਅਦਾ ਅੱਜ ਸਾਡੇ ਲਈ ਵੀ ਕਾਇਮ ਹੈ: "ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ" (ਇਬਰਾਨੀਆਂ 13:5)। ਪ੍ਰਭੂ ਦੀ ਸਾਡੇ ਅੰਦਰ ਵਾਸ ਕਰਨ ਵਾਲੀ ਹਜ਼ੂਰੀ ਉਨ੍ਹਾਂ ਲੋਕਾਂ ਦੇ ਦਿਲਾਂ ਅਤੇ ਜੀਵਨਾਂ ਵਿਚ ਆਉਂਦੀ ਹੈ ਜਿਹੜੇ ਨਿਹਚਾ, ਤੋਬਾ ਅਤੇ ਬਪਤਿਸਮੇ ਨਾਲ ਉਸ ਦਾ ਜਵਾਬ ਦਿੰਦੇ ਹਨ। ਅਜਿਹੀ ਆਗਿਆਕਾਰੀ ਨਿਹਚਾ ਦਾ ਨਤੀਜਾ ਨਾ ਸਿਰਫ ਪਾਪਾਂ ਦੀ ਮਾਫ਼ੀ ਹੈ, ਪਰ ਪਵਿੱਤਰ ਆਤਮਾ ਦਾ ਸੁਆਗਤ ਵੀ ਹੈ (ਰਸੂਲਾਂ ਦੇ ਕਰਤੱਬ 2:38; ਵੇਖੋ ਯੂਹੰਨਾ 7:37-39; 14:16-18, 23; ਰੋਮੀਆਂ 8:9-11)।

ਅਸੀਂ ਇਹ ਜਾਣ ਕੇ ਧੰਨ ਹੋ ਗਏ ਹਾਂ ਕਿ ਪੁਰਾਣੇ ਨੇਮ ਦੇ ਸਮਿਆਂ ਵਿਚ ਯਹੋਵਾਹ ਯੂਸੁਫ਼ ਅਤੇ ਉਸ ਦੇ ਪਰਿਵਾਰ ਦੇ ਸੰਗ ਸੀ, ਪਰ ਅਸੀਂ ਇਹ ਜਾਣ ਕੇ ਹੋਰ ਵੀ ਜ਼ਿਆਦਾ ਧੰਨ ਹੋ ਗਏ ਹਾਂ ਕਿ ਯਿਸੂ "ਪਰਮੇਸ਼ੁਰ ਸਾਡੇ ਸੰਗ" ਹੈ (ਮੱਤੀ 1:23)। ਉਹ ਪਵਿੱਤਰ ਆਤਮਾ ਦੇ ਰਾਹੀਂ ਸਾਡੇ ਵਿਚ ਰਹਿੰਦਾ ਹੈ। ਹੁਣ ਵੀ ਅਸੀਂ ਪਰਮੇਸ਼ੁਰ ਦੇ ਪਰਤਾਪ ਦੇ ਧਨ ਦਾ ਅਨੁਭਵ ਕਰ ਸਕਦੇ ਹਾਂ, ਜਿਸ ਨੂੰ ਪੌਲੁਸ ਨੇ "ਮਸੀਹ ਤੁਹਾਡੇ ਵਿੱਚ ਪਰਤਾਪ ਦੀ ਆਸ ਹੈ" ਵਜੋਂ ਪਛਾਣਿਆ (ਕੁਲੁੱਸੀਆਂ 1:27)।

---

ਟਿੱਪਣੀਆਂ

[1]ਗੈਰੀ ਪਰੈਟਿਕੋ ਦੀ ਪੁਸਤਕ *ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਇਕਲੋਪੀਡੀਆ*, ਸੋਧ ਅਤੇ, ਸੰਪਾਦਨ, ਜੀਓਫਰੀ. ਡਬਲਿਯੂ ਬਰੋਮਿਲੀ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1986) ਵਿਚ ਸਫ਼ਾ 3:913 ਤੇ "ਪੋਟੀਫ਼ਾਰ" ਹੈ। [2]ਆਰ. ਡੀ. ਪੈਟਰਸਨ, *ਦ ਵਰਡਬੁਕ ਆਫ਼ ਦਿ ਓਲਡ ਟੈਸਟਾਮੈਂਟ* (*TWOT*) ਵਿਚ 2:634-35 ਤੇ "ਠਾ੍ਰਹ੍" ਹੈ। [3]ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ, ਅਤੇ ਚਾਰਲਸ ਏ. ਬਰਿਗਸ, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1962), 371. [4]21:20; 26:28; ਯਹੋਸ਼ੁਆ 6:27; ਨਿਆਈਆਂ 1:22; 1 ਸਮੂਏਲ 3:19; 18:12 ਵਿਚ ਇਹੋ ਜਿਹੇ ਹੀ ਸ਼ਬਦ ਮਿਲਦੇ ਹਨ। [5]ਅਬਰਾਹਾਮ ਅਤੇ ਉਸ ਦੀ ਅੰਸ ਨੂੰ "ਇਬਰਾਨੀਆਂ" ਕਿਹਾ ਗਿਆ ਸੀ ਅਤੇ ਇਹ ਨਾਮ "ਏਬਰ" ਦੇ ਨਾਮ ਤੋਂ ਲਿਆ ਗਿਆ ਹੈ (ਵੇਖੋ 10:21; 14:13; 39:14, 17; 40:15; 41:12; 43:32)। [6]ਜੌਨ ਟੀ. ਵਿਲੀਜ਼, *ਜੈਨੇਸਿਸ*, ਦ ਲਿਵਿੰਗ ਵਰਡ ਕਮੈਂਟਰੀ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 400. [7]ਵਿਭਚਾਰ ਕਰਨਾ ਪਰਮੇਸ਼ੁਰ, ਸਿਰਜਣਹਾਰ ਦੇ ਵਿਰੁੱਧ ਮੁੱਖ ਪਾਪ ਹੈ ਜਿਸ ਨੇ ਮਨੁੱਖਾਂ ਦੇ ਯੌਨ ਪ੍ਰਗਟਾਵੇ ਦੇ ਲਈ ਹੱਦਾਂ ਠਹਿਰਾਈਆਂ ਹਨ (ਜ਼ਬੂਰ 51:4)। [8]ਇਕ ਵਾਰ ਫੇਰ, ਯੂਸੁਫ਼ ਦਾ ਕੱਪੜਾ ਧੋਖਾ ਦੇਣ ਲਈ ਸਬੂਤ ਦੇ ਤੌਰ ਤੇ ਵਰਤਿਆ ਗਿਆ ਸੀ (ਵੇਖੋ 37:31-33)। [9]ਬਾਅਦ ਵਿਚ, ਸ਼ਰਾ ਦੇ ਵਿਚ, ਜੇਕਰ ਕੋਈ ਮਨੁੱਖ ਆਪਣੀ ਕੁਆਰੀ ਮੰਗੇਤਰ ਨਾਲ ਜ਼ਬਰਦਸਤੀ ਕਰਦਾ ਸੀ ਅਤੇ ਉਹ ਚੀਕਾਂ ਮਾਰਨ ਲੱਗ ਪੈਂਦੀ ਸੀ ਤਾਂ ਉਸ ਨੂੰ ਵਿਭਚਾਰਣ ਸਮਝ ਕੇ ਸਜ਼ਾ ਨਹੀਂ ਸੀ ਦਿੱਤੀ ਜਾਂਦੀ (ਬਿਵਸਥਾ ਸਾਰ 22:23-27)।